ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 21* Issue 93 | Thursday, May 12, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਇਲੈਕਸ਼ਨ ਓਨਟਾਰੀਓ ਨੂੰ ਲਿਖੇ ਪੱਤਰ ਵਿਚ ਪੀਸੀ ਪਾਰਟੀ ਨੇ ਐਨਡੀਪੀ 'ਤੇ ਗੈਰਕਾਨੂੰਨੀ ਫੰਡ ਹਾਸਲ ਕਰਨ ਦੇ ਲਾਏ ਦੋਸ਼

ਓਨਟਾਰੀਓ, 11 ਮਈ (ਪੋਸਟ ਬਿਊਰੋ): ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਫ ਓਨਟਾਰੀਓ ਵੱਲੋਂ ਐਨਡੀਪੀ ਉੱਤੇ ਗੈਰਕਾਨੂੰਨੀ ਢੰਗ ਨਾਲ ਫੰਡ ਇੱਕਠੇ ਕਰਨ ਦਾ ਦੋਸ਼ ਲਾਇਆ ਗਿਆ ਹੈ।ਇਸ ਸਬੰਧੀ ਸ਼ਿਕਾਇਤ ਕਰਨ ਲਈ ਪੀਸੀ ਪਾਰਟੀ ਵੱਲੋਂ ਪ੍ਰੋਵਿੰਸ ਦੇ ਚੀਫ ਇਲੈਕਟੋਰਲ ਅਧਿਕਾਰੀ ਨੂੰ ਪੱਤਰ ਵੀ ਲਿਖਿਆ ਗਿਆ ਹੈ।ਇਸ ਸ਼ਿਕਾਇਤ ਵਿੱਚ ਸ਼ਾਮਲ ਇੱਕ ਵਿਅਕਤੀ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਗਿਆ ਹੈ।

ਓਨਟਾਰੀਓ ਦੀ ਪੀਸੀ ਪਾਰਟੀ ਦੇ ਪ੍ਰੈਜ਼ੀਡੈਂਟ ਬ੍ਰਾਇਨ ਪੈਟਰਸਨ ਵੱਲੋਂ ਦੋ ਜ਼ੂਮ ਵੀਡੀਓਜ਼ ਦੇ ਹਵਾਲੇ ਨਾਲ ਇਹ ਪੱਤਰ ਲਿਖਿਆ ਗਿਆ ਹੈ।ਪਹਿਲੇ ਵੀਡੀਓ, ਜੋ ਕਿ 9 ਫਰਵਰੀ, 2021 ਨੂੰ ਸਾਹਮਣੇ ਆਇਆ, ਵਿੱਚ ਅਮੈਲਗਾਮੇਟਿਡ ਟਰਾਂਜ਼ਿਟ ਯੂਨੀਅਨ ਕੈਨੇਡਾ ਦੇ ਪ੍ਰੈਜ਼ੀਡੈਂਟ ਜੌਹਨ ਡੀਨੀਨੋ ਸ਼ਾਮਲ ਹਨ, ਯੂਨੀਵਰਸਿਟੀ-ਰੋਜ਼ਡੇਲ ਤੋਂ ਐਨਡੀਪੀ ਉਮੀਦਵਾਰ ਜੈਸਿਕਾ ਬੈੱਲ ਨੂੰ ਉਨ੍ਹਾਂ ਦੀ ਨਾਮਜ਼ਦਗੀ ਉੱਤੇ ਵਧਾਈ ਦੇ ਰਹੇ ਹਨ। ਇਸ ਵੀਡੀਓ ਵਿੱਚ ਡੀਨੀਨੋ ਇਹ ਆਖਦੇ ਸੁਣੇ ਜਾ ਸਕਦੇ ਹਨ ਕਿ ਅਸੀਂ ਆਸ ਕਰਦੇ ਹਾਂ ਕਿ ਏਟੀਯੂ ਕੈਨੇਡਾ ਕੁੱਝ ਹੋਰ ਕਰ ਸਕਦੀ, ਪਰ ਉਨ੍ਹਾਂ ਨੂੰ ਉਮੀਦ ਹੈ ਕਿ ਹਰੇਕ ਪ੍ਰੋਵਿੰਸ ਵਿੱਚ ਚੋਣਾਂ ਤੇ ਉਮੀਦਵਾਰਾਂ ਲਈ ਅਸੀਂ ਜੋ ਕੁੱਝ ਵੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਉਸ ਨੂੰ ਤੁਸੀਂ ਮਾਨਤਾ ਦੇਵੋਂਗੇ।ਉਨ੍ਹਾਂ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਅਸੀਂ ਤੁਹਾਡੀ ਕੈਂਪੇਨ ਤੇ ਮੁੜ ਚੁਣੇ ਜਾਣ ਲਈ 1000 ਡਾਲਰ ਦੇਣ ਦਾ ਵਾਅਦਾ ਕਰਦੇ ਹਾਂ।



ਪੀਸੀ ਵੱਲੋਂ ਲਿਖੇ ਪੱਤਰ ਵਿੱਚ ਆਖਿਆ ਗਿਆ ਹੈ ਕਿ ਇਲੈਕਸ਼ਨਜ਼ ਫਾਇਨਾਂਸਿਜ਼ ਦੀ ਧਾਰਾ 26 ਤਹਿਤ ਕਿਸੇ ਵੀ ਉਮੀਦਵਾਰ ਜਾਂ ਪਾਰਟੀ ਨੂੰ ਕਿਸੇ ਯੂਨੀਅਨ ਤੋਂ ਡੋਨੇਸ਼ਨ ਲੈਣ ਦੀ ਮਨਾਹੀ ਹੈ।ਪਰ ਡੀਨੀਨੋ ਵੱਲੋਂ ਇੱਕ ਬਿਆਨ ਵਿੱਚ ਇਹ ਆਖਿਆ ਗਿਆ ਹੈ ਕਿ ਇਹ ਡੋਨੇਸ਼ਨ ਏਟੀਯੂ ਕੈਨੇਡਾ ਵੱਲੋਂ ਨਹੀਂ ਸਗੋਂ ਉਨ੍ਹਾਂ ਵੱਲੋਂ ਨਿਜੀ ਤੌਰ ਉੱਤੇ ਦਿੱਤੀ ਗਈ।

ਦੂਜੇ ਵੀਡੀਓ ਵਿੱਚ ਓਨਟਾਰੀਓ ਦੀ ਐਨਡੀਪੀ ਦੇ ਕਿੰਗਸਟਨ ਤੇ ਆਈਲੈਂਡ ਰਾਈਡਿੰਗ ਐਸੋਸਿਏਸ਼ਨ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਡੇਵਿਡ ਕੇਰ ਸ਼ਾਮਲ ਹਨ। 26 ਮਾਰਚ ਨੂੰ ਉਨ੍ਹਾਂ ਨੂੰ ਹੇਸਟਿੰਗਜ਼-ਲੈਨੌਕਸ ਤੇ ਐਡਿੰਗਟਨ ਲਈ ਨਾਮਜ਼ਦਗੀ ਮੀਟਿੰਗ ਵਿੱਚ ਇਹ ਆਖਦਿਆਂ ਸੁਣਿਆ ਜਾ ਸਕਦਾ ਹੈ ਕਿ ਇੱਕ ਤਰ੍ਹਾਂ ਚੇਤੇ ਹੀ ਕਰਵਾਉਣਾ ਸੀ, ਹਾਲਾਂਕਿ ਤੁਹਾਡਾ ਓਨਟਾਰੀਓ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ, ਇਸ ਹਲਕੇ ਵਿੱਚ ਨਹੀਂ ਸਗੋਂ ਡੋਨੇਸ਼ਨ ਕਰਨ ਲਈ ਓਨਟਾਰੀਓ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ। ਉਹ ਅੱਗੇ ਆਖ ਰਹੇ ਹਨ, "ਮੈਂ ਇਸ ਨੂੰ ਸਰਕਾਰੀ ਤੌਰ ਉੱਤੇ ਨਜ਼ਰਅੰਦਾਜ਼ ਨਹੀਂ ਕਰ ਸਕਦਾ ਪਰ ਅਤੀਤ ਵਿੱਚ ਪ੍ਰੋਵਿੰਸ ਤੋਂ ਬਾਹਰ ਰਹਿਣ ਵਾਲੇ ਸਮਰਥਕਾਂ ਵੱਲੋਂ ਮਦਦ ਕਰਨ ਦੇ ਕਈ ਸਿਰਜਣਾਤਮਕ ਢੰਗ ਲੱਭੇ ਗਏ ਸਨ ਤੇ ਇਸ ਤੋਂ ਅੱਗੇ ਮੈਂ ਕੁੱਝ ਨਹੀਂ ਆਖਾਂਗਾ।"

ਪੀਸੀ ਪਾਰਟੀ ਨੇ ਆਪਣੇ ਪੱਤਰ ਵਿੱਚ ਇਹ ਸਵਾਲ ਉਠਾਇਆ ਹੈ ਕਿ ਕੇਰ ਕਿਨ੍ਹਾਂ ਸਿਰ-ਜਣਾਤਮਕ ਢੰਗ ਤਰੀਕਿਆਂ ਦੀ ਗੱਲ ਕਰ ਰਹੇ ਹਨ।ਇਹ ਵੀ ਪੁੱਛਿਆ ਗਿਆ ਹੈ ਕਿ ਕੀ ਓਨਟਾਰੀਓ ਦੀ ਐਨਡੀਪੀ ਵਿੱਚ ਇਸ ਤਰ੍ਹਾਂ ਫੰਡ ਮੰਗਣ ਜਾਂ ਹਾਸਲ ਕਰਨ ਦਾ ਇਹ ਰੁਝਾਨ ਆਮ ਹੈ ਜਾਂ ਪਾਰਟੀ ਇਸ ਨੂੰ ਹੱਲਾਸ਼ੇਰੀ ਦਿੰਦੀ ਹੈ।

# ਗੁਲਾਮਾਂ ਦੀ ਨਿਲਾਮੀ ਵਿੱਚ ਹਿੱਸਾ ਲੈਣ ਬਦਲੇ ਲਿਚੇ ਨੇ ਮੰਗੀ ਮੁਆਫੀ

## ਐਨਡੀਪੀ ਨੇ ਲਿਚੇ ਤੋਂ ਉਮੀਦਵਾਰੀ ਛੱਡਣ ਦੀ ਕੀਤੀ ਮੰਗ

ਓਨਟਾਰੀਓ, 11 ਮਈ (ਪੋਸਟ ਬਿਊਰੋ) : ਫੋਰਡ ਸਰਕਾਰ ਦੇ ਉੱਘੇ ਕੈਬਨਿਟ ਮੰਤਰੀ ਸਟੀਫਨ ਲਿਚੇ ਵੱਲੋਂ ਯੂਨੀਵਰਸਿਟੀ ਵਿੱਚ ਹੋਈ ਤਥਾਕਥਿਤ ਗੁਲਾਮਾਂ ਦੀ ਨਿਲਾਮੀ ਵਿੱਚ ਹਿੱਸਾ ਲਿਆ ਗਿਆ ਤੇ ਇਸ ਗੱਲ ਦਾ ਖੁਲਾਸਾ ਹੋਣ ਤੋਂ ਬਾਅਦ ਉਨ੍ਹਾਂ ਵੱਲੋਂ ਹੁਣ ਮੁਆਫੀ ਮੰਗੀ ਜਾ ਰਹੀ ਹੈ।



ਐਨਡੀਪੀ ਵੱਲੋਂ ਸਟੀਫਨ ਲਿਚੇ ਤੋਂ ਕਿੰਗ-ਵਾਅਨ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਵਜੋਂ ਉਮੀਦਵਾਰੀ ਛੱਡਣ ਦੀ ਵੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਵੱਲੋਂ ਪ੍ਰੀਮੀਅਰ ਤੇ ਪੀਸੀ ਆਗੂ ਡੱਗ ਫੋਰਡ ਤੋਂ ਸਪਸ਼ਟ ਤੌਰ ਉੱਤੇ ਲਿਚੇ ਦੀ ਇਸ ਹਰਕਤ ਦੀ ਨਿਖੇਧੀ ਕਰਨ ਦੀ ਵੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਦੇ ਤਿੰਨ ਉਮੀਦਵਾਰਾਂ ਵੱਲੋਂ ਸਾਂਝੇ ਤੌਰ ਉੱਤੇ ਦਿੱਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਲਿਚੇ ਦੀ ਇਸ ਹਰਕਤ ਕਾਰਨ ਜਿਹੜਾ ਦਰਦ ਕੁੱਝ ਕਮਿਊਨਿਟੀਜ਼ ਨੂੰ ਹੋਇਆ ਹੈ ਉਸ ਲਈ ਉਨ੍ਹਾਂ ਨੂੰ ਮੁਆਫੀ ਮੰਗਣ ਦੇ ਨਾਲ ਨਾਲ ਖੁਦ ਨੂੰ ਸਿੱਖਿਅਤ ਵੀ ਕਰਨਾ ਚਾਹੀਦਾ ਹੈ।ਇੱਥੇ ਹੀ ਬੱਸ ਨਹੀਂ ਬਲੈਕ ਕਮਿਊਨਿਟੀਜ਼ ਬਾਰੇ ਉਨ੍ਹਾਂ ਨੂੰ ਆਪਣੀ ਸੋਚ ਵੀ ਬਦਲਣੀ ਚਾਹੀਦੀ ਹੈ।

ਇਨ੍ਹਾਂ ਆਗੂਆਂ ਨੇ ਆਖਿਆ ਕਿ ਕਿਸੇ ਵੀ ਹਾਲਾਤ ਵਿੱਚ ਪ੍ਰੋਵਿੰਸ ਦੇ ਲੋਕਾਂ ਤੇ ਖਾਸਤੌਰ ਉੱਤੇ ਸਾਡੇ ਬੱਚਿਆਂ ਦੀ ਅਗਵਾਈ ਅਜਿਹੇ ਆਗੂ ਨੂੰ ਨਹੀਂ ਕਰਨੀ ਚਾਹੀਦੀ।ਪ੍ਰੈੱਸ ਪ੍ਰੋਗਰੈੱਸ ਦੀ ਰਿਪੋਰਟ ਅਨੁਸਾਰ ਲਿਚੇ ਨੇ ਲੰਡਨ, ਓਨਟਾਰੀਓ ਵਿੱਚ ਵੈਸਟਰਨ ਯੂਨੀਵਰਸਿਟੀ ਵਿੱਚ ਸਿਗਮਾ ਚੀ ਫਰੈਟਰਨਿਟੀ ਦਾ ਮੈਂਬਰ ਰਹਿੰਦਿਆਂ ਕਈ ਮੌਕਿਆਂ ਉੱਤੇ ਗੁਲਾਮਾਂ ਦੀ ਨਿਲਾਮੀ ਵਰਗੇ ਈਵੈਂਟਸ ਵਿੱਚ ਹਿੱਸਾ ਲਿਆ।

ਰਿਪੋਰਟ ਵਿੱਚ ਆਖਿਆ ਗਿਆ ਕਿ ਫਰੈਟਰਨਿਟੀ ਦੀ ਵੈੱਬਸਾਈਟ ਉੱਤੇ ਪਾਈ ਪੋਸਟਿੰਗ ਵਿੱਚ ਦਰਜ ਹੈ ਕਿ ਨਵੰਬਰ 2006 ਵਿੱਚ ਹੋਈ ਇਸ ਨਿਲਾਮੀ ਸਬੰਧੀ ਰਸਮ ਵਿੱਚ ਵੀ ਲਿਚੇ ਨੇ ਹਿੱਸਾ ਲਿਆ ਸੀ ਤੇ ਕੁੱਝ ਦਿਨਾਂ ਬਾਅਦ ਮਨਾਏ ਗਏ "ਸਲੇਵ ਡੇਅਜ਼" ਈਵੈਂਟਸ ਵਿੱਚ ਵੀ ਹਿੱਸਾ ਲਿਆ ਸੀ।16 ਸਾਲ ਪਹਿਲਾਂ ਕੀਤੀ ਗਈ ਇਸ ਹਰਕਤ ਬਾਰੇ ਸਿੱਖਿਆ ਮੰਤਰੀ ਵੱਲੋਂ ਮੁਆਫੀ ਮੰਗੀ ਗਈ ਹੈ।

# ਯੂਕਰੇਨੀਅਨਜ਼ ਲਈ ਕੈਨੇਡੀਅਨ ਸਰਕਾਰ ਨੇ ਚਾਰਟਰਡ ਫਲਾਈਟਸ ਦਾ ਕੀਤਾ ਇੰਤਜ਼ਾਮ

ਓਟਵਾ, 11 ਮਈ (ਪੋਸਟ ਬਿਊਰੋ) : ਰੂਸ ਵੱਲੋਂ ਕੀਤੇ ਹਮਲੇ ਤੋਂ ਬਚਣ ਦੀ ਕੋਸ਼ਿਸ਼ ਵਿੱਚ ਲੱਗੇ ਯੂਕਰੇਨੀਅਨਜ਼ ਨੂੰ ਕੈਨੇਡਾ ਲਿਆਉਣ ਲਈ ਤਿੰਨ ਚਾਰਟਰਡ ਜਹਾਜ਼ ਆਉਣ ਵਾਲੇ ਹਫਤਿਆਂ ਵਿੱਚ ਪੋਲੈਂਡ ਤੋਂ ਰਵਾਨਾ ਹੋਣਗੇ।

ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਦਾ ਕਹਿਣਾ ਹੈ ਕਿ ਇਹ ਜਹਾਜ਼ 90,000 ਉਨ੍ਹਾਂ ਯੂਕਰੇਨੀਅਨਜ਼ ਲਈ ਹੋਣਗੇ ਜਿਨ੍ਹਾਂ ਨੂੰ ਕੈਨੇਡਾ ਵਾਸਤੇ ਐਮਰਜੰਸੀ ਟਰੈਵਲ ਲਈ ਮਨਜ਼ੂਰੀ ਦਿੱਤੀ ਗਈ ਹੈ।ਫਰੇਜ਼ਰ ਨੇ ਦੱਸਿਆ ਕਿ ਇਹ ਤਿੰਨ ਜਹਾਜ਼ ਪੋਲੈਂਡ ਤੋਂ ਉਡਾਨ ਭਰਨਗੇ ਤੇ ਇਨ੍ਹਾਂ ਵਿੱਚ ਸੀਟਾਂ ਪਹਿਲਾਂ ਆਓ ਤੇ ਪਹਿਲਾਂ ਪਾਓ ਦੇ ਹਿਸਾਬ ਨਾਲ ਤੈਅ ਹੋਣਗੀਆਂ।

ਪਹਿਲੀ ਉਡਾਨ 23 ਮਈ ਨੂੰ ਵਿਨੀਪੈਗ ਲਈ ਰਵਾਨਾ ਹੋਵੇਗੀ, ਦੂਜੀ ਫਲਾਈਟ 29 ਮਈ ਨੂੰ ਮਾਂਟਰੀਅਲ ਲਈ ਰਵਾਨਾ ਹੋਵੇਗੀ ਤੇ ਤੀਜੀ ਫਲਾਈਟ 2 ਜੂਨ ਨੂੰ ਹੈਲੀਫੈਕਸ ਲਈ ਰਵਾਨਾ ਹੋਵੇਗੀ।



ਫਰੇਜ਼ਰ ਨੇ ਆਖਿਆ ਕਿ ਇਹ ਫਲਾਈਟਸ ਜੰਗ ਤੋਂ ਬਚਣ ਲਈ ਭੱਜ ਰਹੇ ਯੂਕਰੇਨੀਅਨਜ਼ ਲਈ ਉਪਲਬਧ ਕਮਰਸ਼ੀਅਲ ਬਦਲਾਂ ਤੋਂ ਇਲਾਵਾ ਹੋਣਗੀਆਂ ਤੇ ਇਨ੍ਹਾਂ ਨੂੰ ਵਿਸ਼ੇਸ਼ ਫੰਡ ਵਿੱਚੋਂ ਸਬਸਿਡੀ ਵੀ ਹਾਸਲ ਹੋਵੇਗੀ।

ਸਰਕਾਰ ਦਾ ਕਹਿਣਾ ਹੈ ਕਿ ਫਰਵਰੀ ਦੇ ਅੰਤ ਵਿੱਚ ਜਦੋਂ ਰੂਸ ਵੱਲੋਂ ਪਹਿਲੀ ਵਾਰੀ ਯੂਕਰੇਨ ਉੱਤੇ ਧਾਵਾ ਬੋਲਿਆ ਗਿਆ ਸੀ ਉਦੋਂ ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਯੂਕਰੇਨੀਅਨਜ਼ ਕੈਨੇਡਾ ਪਹੁੰਚ ਚੁੱਕੇ ਹਨ ਤੇ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਹੋਰ ਕਿੰਨਿਆਂ ਨੇ ਅਜੇ ਇੱਧਰ ਆਉਣਾ ਹੈ।


NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

MOTEL FOR SALE ON HWY 7 IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588
Save Max Global Realty RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213





QUEENSWOOD COLLEGE
BUSINESS · HEALTH · TECHNOLOGY

# Queenswood College B H & T
# Convocation 2019-2020, 2020-2021

**ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਤਨ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।**

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿਚ ਇੱਕ ਜਾਣੀ ਪਹਿਚਾਣੀ ਸਖ਼ਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਉਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫ਼ਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫ਼ਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ -

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1

EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਆਖੇ ਅਕਲ ਦੀ ਜਦੋਂ ਕੋਈ ਗੱਲ ਬੇਲੀ,
ਸੁਣਦੇ ਲੋਕ ਫਿਰ ਜਾਂਦੇ ਆ ਟਾਲ ਬੇਲੀ।
ਕਹਿ ਵੀ ਦੇਣ ਜੇ ਗੱਲ ਆ ਬਹੁਤ ਚੰਗੀ,
ਛੇਤੀ ਕੀਤਿਆਂ ਤੁਰਨ ਨਹੀਂ ਨਾਲ ਬੇਲੀ।
ਉਲਟੀ ਮੱਤ ਉਹ ਨਾਲ ਧਿਆਨ ਸੁਣਦੇ,
ਅੰਦਰੋਂ ਜਾਣਦੇ ਗੁੱਝੀ ਨਹੀਂ ਚਾਲ ਬੇਲੀ।
ਏਸੇ ਸਮਝ ਨੂੰ ਚਾਤਰ ਹਨ ਵਰਤ ਜਾਂਦੇ,
ਕਰਦੇ ਰਹਿਣ ਜੋ ਵਕਤ ਦੀ ਭਾਲ ਬੇਲੀ।
ਦੇਂਦਾ ਈ ਮੱਤ ਬੇਸ਼ੱਕ ਕੋਈ ਲੱਖ ਵਾਰੀ,
ਵੰਨੀਂ ਅਕਲ ਦੇ ਫੇਰ ਨਾ ਆਉਣ ਬੇਲੀ।
ਕਰ ਕੇ ਭੁੱਲ ਪਛਤਾਉਂਦੇ ਨੇ ਬੜੇ ਡਿੱਠੇ,
ਉਹੀ ਗਲਤੀਆਂ ਫੇਰ ਦੁਹਰਾਉਣ ਬੇਲੀ।

**ਤੀਸ ਮਾਰ ਖਾਂ**

# ਮਾਨ ਸਰਕਾਰ ਦਾ ਸਖਤ ਐਕਸ਼ਨ: ਹਰਸਿਮਰਤ ਕੌਰ ਬਾਦਲ, ਬੀਬੀ ਭੱਠਲ, ਜਾਖੜ ਸਮੇਤ 8 ਆਗੂਆਂ ਦੀ ਸੁਰੱਖਿਆ ਵਿੱਚ ਵੱਡੀ ਕਟੌਤੀ

ਚੰਡੀਗੜ੍ਹ, 11 ਮਈ, (ਪੋਸਟ ਬਿਊਰੋ)- ਪੰਜਾਬ ਦੀ ਨਵੀਂ ਸਰਕਾਰ ਨੇ ਇਸ ਰਾਜ ਵਿਚ ਵੀ ਆਈ ਪੀ ਸੁਰੱਖਿਆ ਉੱਤੇਅੱਜ ਵੱਡੀ ਕੈਂਚੀ ਚਲਾਈ ਅਤੇਅੱਠ ਹੋਰਵੱਡੇ ਆਗੂਆਂ ਦੀ ਸੁਰੱਖਿਆ ਵਿੱਚ ਭਾਰੀ ਕਟੌਤੀ ਕਰ ਦਿੱਤੀਹੈ। ਇਨ੍ਹਾਂ ਵਿੱਚ ਅਕਾਲੀ ਦਲ ਦੀ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਸ਼ਾਮਲ ਹਨ।ਸੁਰੱਖਿਆਵਿੱਚ ਇਸ ਨਵੀਂ ਕਟੌਤੀ ਤੋਂ ਬਾਅਦ 127 ਪੁਲਸ ਮੁਲਾਜ਼ਮ ਅਤੇ 9 ਪਾਇਲਟ ਗੱਡੀਆਂ ਪੰਜਾਬ ਪੁਲਸ ਨੂੰ ਵਾਪਸ ਮਿਲ ਗਈਆਂ ਹਨ।

ਸਰਕਾਰੀ ਅਧਿਕਾਰੀਆਂ ਦੇ ਦੱਸਣ ਮੁਤਾਬਕ ਪਾਰਲੀਮੈਂਟ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਪੁਲਸ ਨੇ ਜ਼ੈੱਡ ਸ਼੍ਰੇਣੀ ਦੀ ਸੁਰੱਖਿਆਦਿੱਤੀ ਹੋਈ ਸੀ



ਅਤੇ ਉਨ੍ਹਾਂ ਕੋਲ 13 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ। ਉਨ੍ਹਾਂ ਦੀ ਸੁਰੱਖਿਆ ਦਾ ਦਰਜਾ ਘਟਾਉਣ ਤੇ ਵਾਈ ਕੈਟੇਗਰੀ ਕਰ ਦੇਣ ਪਿੱਛੋਂ ਉਨ੍ਹਾਂ ਕੋਲ ਸਿਰਫ 11 ਪੁਲਸ ਵਾਲੇ ਰਹਿ ਜਾਣਗੇ ਅਤੇ 2 ਕਰਮਚਾਰੀ ਅਤੇ ਗੱਡੀ ਉਨ੍ਹਾਂ ਤੋਂ ਵਾਪਸ ਮੰਗਵਾਏ ਗਏ ਹਨ।ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਕੋਲ 36 ਪੁਲਸ ਵਾਲੇ ਅਤੇ 3 ਗੱਡੀਆਂ ਸਨ। ਉਨ੍ਹਾਂ ਕੋਲ ਵਾਈ ਸ਼੍ਰੇਣੀ ਦੀ ਸੁਰੱਖਿਆ ਸੀ, ਜਿਹੜੀ ਘਟਾ ਕੇ 28 ਪੁਲਸ ਮੁਲਾਜ਼ਮ ਅਤੇ ਤਿੰਨੇ ਵਾਹਨ ਵਾਪਸ ਲੈ ਲਏ ਹਨ। ਬੀਬੀ ਭੱਠਲ ਦੀ ਸੁਰੱਖਿਆ ਵਿੱਚ ਅੱਗੇਤੋਂ ਕੁੱਲ 8 ਪੁਲਸ ਵਾਲੇ-ਹੋਣਗੇ।ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਜ਼ੈੱਡ ਸੁਰੱਖਿਆਮਿਲੀ ਹੋਈ ਸੀ ਅਤੇ ਉਨ੍ਹਾਂ ਕੋਲ 14 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ।ਪੰਜਾਬ ਦੀ ਨਵੀਂ ਸਰਕਾਰ ਮੁਤਾਬਕ ਉਨ੍ਹਾਂ ਨੂੰ ਕੋਈ ਖਤਰਾ ਨਾ ਹੋਣ ਕਾਰਨ ਉਨ੍ਹਾਂ ਤੋਂ 12 ਪੁਲਸ ਵਾਲੇਅਤੇ ਵਾਹਨ ਲੈ ਲਿਆ ਹੈ।

ਸਾਬਕਾ ਡਿਪਟੀਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਕੋਲ ਜ਼ੈੱਡ ਸੁਰੱਖਿਆਹੇਠ ਉਨ੍ਹਾਂ ਕੋਲ 37 ਮੁਲਾਜ਼ਮ ਤੇ ਇਕ ਗੱਡੀ ਸੀ।ਇਨ੍ਹਾਂ ਵਿੱਚੋਂ ਵਾਹਨ ਤੇ 19 ਮੁਲਾਜ਼ਮ ਵਾਪਸ ਲੈ ਲਏ ਹਨ। ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਦੀ ਵਾਈ ਪਲੱਸ ਸ਼੍ਰੇਣੀ ਵਿੱਚ 11 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ, ਉਨ੍ਹਾਂ ਤੋਂ ਸਰਕਾਰ ਨੇ ਸਾਰੀ ਸੁਰੱਖਿਆ ਵਾਪਸ ਲੈ ਲਈ ਹੈ। ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਕੋਲ ਜ਼ੈੱਡ ਸੁਰੱਖਿਆਹੇਠ 22 ਮੁਲਾਜ਼ਮ ਤੇ ਇੱਕ ਵਾਹਨਸੀ, ਸਰਕਾਰ ਨੇ ਉਨ੍ਹਾਂ ਤੋਂ 18 ਪੁਲਸ ਮੁਲਾਜ਼ਮ ਤੇ ਇੱਕ ਗੱਡੀ ਲੈ ਲਈ ਹੈ। ਸਾਬਕਾ ਵਿਧਾਇਕ ਪਰਮਿੰ-ਦਰ ਸਿੰਘ ਪਿੰਕੀ ਕੋਲ ਜ਼ੈੱਡ ਸੁਰੱਖਿਆਹੇਠ 28 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ। ਉਨ੍ਹਾਂ ਤੋਂ 26 ਸੁਰੱਖਿਆ ਗਾਰਡ ਅਤੇ ਇੱਕ ਗੱਡੀ ਲੈ ਲਈ ਹੈ। ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਕੋਲ ਵਾਈ ਪਲੱਸ ਸੁਰੱਖਿਆਹੇਠ 13 ਪੁਲਸ ਵਾਲੇ ਤੇ ਇੱਕ ਗੱਡੀ ਸੀ, ਅੱਗੇ ਤੋਂ ਉਨ੍ਹਾਂ ਕੋਲ ਸਿਰਫ 2 ਗੰਨਮੈਨ ਹੋਣਗੇ।ਉਨ੍ਹਾਂ ਕੋਲੋਂ 11 ਪੁਲਸ ਮੁਲਾਜ਼ਮਾਂ ਨਾਲ ਗੱਡੀ ਵੀ ਵਾਪਸ ਲੈ ਲਈ ਗਈ ਹੈ।

# ਦੇਸ਼-ਧ੍ਰੋਹ ਕਾਨੂੰਨ ਉੱਤੇ ਸੁਪਰੀਮ ਕੋਰਟ ਨੇ ਹਾਲ ਦੀ ਘੜੀ ਰੋਕ ਲਾਈ

### * ਜੇਲ੍ਹ ਵਿੱਚ ਬੰਦ ਵੀ ਲੋਕ ਜ਼ਮਾਨਤ ਮੰਗ ਸਕਣਗੇ

ਨਵੀਂ ਦਿੱਲੀ, 11 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਦੇਸ਼ਧ੍ਰੋਹ ਕਾਨੂੰਨਦਾ ਹਾਲ ਦੀ ਘੜੀ ਕੋਈ ਨਵਾਂ ਕੇਸ ਬਣੇਗਾ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐੱਨ ਵੀ ਰਮੰਨਾ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਅੱਜ ਬੁੱਧਵਾਰ ਦੇਸ਼-ਧ੍ਰੋਹ ਕਾਨੂੰਨ ਦੀ ਵਰਤੋਂ ਉੱਤੇ ਰੋਕ ਲਾ ਦਿੱਤੀ ਹੈ।ਕੇਸ ਦੀ ਸੁਣਵਾਈ ਜੁਲਾਈ ਦੇ ਤੀਜੇ ਹਫ਼ਤੇ ਹੋਵੇਗੀ।

ਇਸ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸੰਵਿਧਾਨ ਦੀ ਧਾਰਾ 124ਏ ਹੇਠ ਕੋਈ ਨਵਾਂ ਕੇਸ ਦਰਜ ਨਾ ਕਰਨ ਦਾ ਆਦੇਸ਼ ਦਿੱਤਾ ਹੈ।ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਿਹਾ ਕਿ ਪੁਲਸ ਅਫ਼ਸਰ (ਐੱਸ ਪੀ) ਰੈਂਕ ਦੇ ਅਧਿਕਾਰੀ ਨੂੰ ਦੇਸ਼-ਧ੍ਰੋਹਦੇਕੇਸ ਦਰਜ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।ਅਦਾਲਤ ਨੇ ਕਿਹਾ ਕਿ ਧਾਰਾ-124ਏ ਹੇਠ ਜੇਲ੍ਹ ਵਿੱਚ ਨਜ਼ਰਬੰਦ ਲੋਕ ਰਾਹਤ ਅਤੇ ਜ਼ਮਾਨਤ ਲਈ ਹੇਠਲੀ ਅਦਾਲਤਾਂ ਜਾ ਸਕਦੇ ਹਨ।ਅਦਾਲਤ ਨੇ ਕੇਂਦਰ ਸਰਕਾਰ ਨੂੰ ਦੇਸ਼-ਧ੍ਰੋਹ ਕਾਨੂੰਨ ਉੱਤੇ ਮੁੜ ਵਿਚਾਰ ਲਈ ਕਿਹਾ ਅਤੇ ਸਪੱਸ਼ਟ ਕੀਤਾ ਕਿ ਦੇਸ਼-ਧ੍ਰੋਹ ਕਾਨੂੰਨ ਉੱਤੇ ਮੁੜ ਵਿਚਾਰ ਹੋਣ ਤੱਕ ਇਸ ਕਾਨੂੰਨ ਹੇਠ ਕੋਈ ਕੇਸ ਦਰਜ ਨਹੀਂ ਕੀਤਾ ਜਾਵੇਗਾ ਅਤੇ ਨਾ ਕਿਸੇ ਤਰ੍ਹਾਂ ਦੀ ਜਾਂਚ ਕੀਤੀ ਜਾਵੇਗੀ। ਇਸ ਨਾਲ ਜੁਲਾਈ ਤੱਕ ਕੋਈ ਨਵਾਂ ਕੇਸ ਦਰਜ ਨਹੀਂ ਹੋ ਸਕੇਗਾ।

ਅਸਲ ਵਿੱਚ ਦੇਸ਼-ਧ੍ਰੋਹ ਦੇ ਪੈਂਡਿੰਗ ਕੇਸਾਂ ਬਾਰੇ ਕੇਂਦਰ ਸਰਕਾਰ ਨੇ ਸੁਪਰੀਮ ਨੂੰ ਸੁਝਾਅ ਦਿੱਤਾ ਸੀ ਕਿ



ਜ਼ਮਾਨਤ ਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਛੇਤੀ ਕੀਤੀ ਜਾ ਸਕਦੀ ਹੈ, ਹਾਲੇ ਇਸ ਉੱਤੇ ਰੋਕ ਰਹੇਗੀ। ਕੇਂਦਰ ਨੇ ਕਿਹਾ ਕਿ ਅਸੀਂ ਕੇਸਾਂ ਦੀ ਗੰਭੀਰਤਾ ਤੋਂ ਜਾਣੂ ਨਹੀਂ, ਇਨ੍ਹਾਂ ਦੇ ਅੱਤਵਾਦ, ਮਨੀ ਲਾਂਡਰਿੰਗ ਵਰਗੇ ਪੱਖਵੀ ਹਨ। ਕੇਂਦਰ ਸਰਕਾਰ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਸੀਂ ਰਾਜ ਸਰਕਾਰਾਂ ਨੂੰ ਦਿੱਤੇ ਜਾਣ ਵਾਲੇ ਨਿਰਦੇਸ਼ ਦਾ ਖਰੜਾ ਬਣਾ ਲਿਆ ਹੈ, ਉਸ ਮੁਤਾਬਕ ਰਾਜ ਸਰਕਾਰਾਂ ਨੂੰ ਸਾਫ ਨਿਰਦੇਸ਼ ਹੋਵੇਗਾ ਕਿ ਬਿਨਾਂ ਪੂਰੀ ਜਾਂਚ ਜਾਂ ਉੱਚ ਪੱਧਰ ਦੇ ਅਫਸਰ ਦੀ ਮਨਜ਼ੂਰੀ ਦੇ ਬਿਨਾਂ ਦੇਸ਼-ਧ੍ਰੋਹ ਦੀਆਂ ਧਾਰਾਵਾਂ ਵਿੱਚਕੇਸ ਦਰਜ ਨਹੀਂ ਹੋਣਗੇ। ਐਡੀਟਰਸ ਗਿਲਡ ਆਫ ਇੰਡੀਆ, ਤ੍ਰਿਣਮੂਲ ਕਾਂਗਰਸ ਪਾਰਲੀਮੈਂਟ ਮੈਂਬਰ ਮਹੂਆ ਮੋਇਤਰਾ, ਸਾਬਕਾ ਮੇਜਰ ਜਨਰਲ ਐੱਸ ਜੀ ਵੋਂਬੰਤਕੇਰੇ, ਪੱਤਰਕਾਰ ਅਨਿਲ ਚਮੜੀਆ ਅਤੇ ਹੋਰਨਾਂ ਨੇ ਦੇਸ਼-ਧ੍ਰੋਹ ਕਾਨੂੰਨ ਦੀ ਸੰਵਿਧਾਨਕ ਯੋਗਤਾ ਨੂੰ ਚੁਣੌਤੀ ਦਿੱਤੀ ਹੈ। ਸੀਨੀਅਰ ਪੱਤਰਕਾਰ ਅਤੇ ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਦੇਸ਼-ਧ੍ਰੋਹ ਕਾਨੂੰਨ ਸੰਵਿਧਾਨ ਦੀ ਧਾਰਾ-14 ਅਤੇ 19 (1) (ਏ) ਦਾ ਉਲੰਘਣ ਕਰਦਾ ਹੈ।

# ਝਾਰਖੰਡ ਦੀ ਆਈ ਏ ਐੱਸ ਅਫਸਰ ਪੂਜਾ ਸਿੰਘਲ ਭ੍ਰਿਸ਼ਟਾਚਾਰ ਕੇਸ ਵਿੱਚ ਗ੍ਰਿਫ਼ਤਾਰ

ਰਾਂਚੀ, 11 ਮਈ, (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਵਿੱਚ ਫਸੀ ਝਾਰਖੰਡ ਦੀ ਆਈਏਐਸ ਅਧਿਕਾਰੀ ਪੂਜਾ ਸਿੰਘਲ ਨੂੰ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਗ੍ਰਿਫ਼ਤਾਰ ਕਰ ਲਿਆ ਹੈ। ਦੋ ਦਿਨਾ ਪੁੱਛਗਿੱਛ ਤੋਂ ਬਾਅਦ ਈ ਡੀ ਨੇ ਮਨਰੇਗਾ ਘੁਟਾਲੇ ਦੇ ਕੇਸਵਿੱਚਪੂਜਾ ਸਿੰਘਲ ਖਿਲਾਫ ਇਹ ਕਾਰਵਾਈ ਕੀਤੀਅਤੇ ਉਸ ਨੂੰ ਜੱਜ ਦੀ ਰਿਹਾਇਸ਼ੀ ਕੋਰਟਵਿੱਚ ਪੇਸ਼ ਕਰ ਕੇ ਉਸ ਦਾ ਰਿਮਾਂਡ ਲਿਆ ਹੈ। ਇਸ ਤੋਂ ਪਹਿਲਾਂ ਈ ਡੀ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਕੇਸਾਂਵਿੱਚ ਲਗਾਤਾਰ ਦੋ ਦਿਨ ਪੂਜਾ ਸਿੰਘਲ ਤੋਂ ਪੁੱਛਗਿੱਛ ਕੀਤੀ ਸੀ।

ਭਾਜਪਾ ਪਾਰਲੀਮੈਂਟ ਮੈਂਬਰ ਨਿਸ਼ੀਕਾਂਤ ਦੂਬੇ ਨੇ ਇਸ ਕੇਸ ਦੀ ਜਾਂਚ ਦੌਰਾਨ ਇੱਕ ਟੀਵੀ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ



ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਕਰੀਬੀ ਆਈਏਐਸ ਅਫਸਰਪੂਜਾ ਸਿੰਘਲ ਦੇ ਗ੍ਰਿਫਤਾਰ ਹੋਣਪਿੱਛੋਂਈ ਡੀ ਦੀ ਜਾਂਚ ਹੇਮੰਤ ਸੋਰੇਨ ਤੱਕ ਜਾਵੇਗੀ ਅਤੇ ਜਲਦੀ ਹੋਰ ਵੱਡੇ ਖੁਲਾਸੇ ਹੋਣਗੇ।ਰਾਜ ਸਰਕਾਰ ਨੇ ਪੂਜਾ ਸਿੰਘਲ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਹੋਣਪਿੱਛੋਂ ਉਸ ਨੂੰ ਸਸਪੈਂਡ ਕਰ ਦਿੱਤਾ ਹੈ।ਨਿਸ਼ੀਕਾਂਤ ਦੂਬੇ ਨੇ ਟਵਿੱਟਰ ਉੱਤੇ ਲਿਖਿਆ: ਕਾਲੇ ਧਨ ਦੀ ਮਾਂ ਪੂਜਾ ਸਿੰਘਲ ਆਈਏਐਸ ਨੂੰ ਅੱਜ ਈ ਡੀ ਨੇ ਰਾਂਚੀ ਤੋਂ ਗ੍ਰਿਫ਼ਤਾਰ ਕੀਤਾ ਹੈ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਉਨ੍ਹਾਂ ਨੂੰ ਮਾਈਨਿੰਗ ਅਤੇ ਉਦਯੋਗ ਵਿਭਾਗਲੁੱਟਣ ਲਈ ਦਿੱਤਾਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ ਪੂਜਾ ਨੇ ਈ ਡੀ ਦੀ ਪੁੱਛਗਿੱਛ ਦੌਰਾਨ ਪੈਸੇ ਦੀਖੇਡ ਵਿੱਚ ਸਿਆਸਤਦਾਨਾਂ ਦੀ ਭੂਮਿਕਾ ਦਾ ਖੁਲਾਸਾ ਕੀਤਾ ਹੈ। ਇਸ ਗ੍ਰਿਫਤਾਰੀ ਪਿੱਛੋਂ ਝਾਰਖੰਡ ਵਿੱਚ ਸਿਆਸੀ ਗਰਮੀ ਵਧ ਗਈ ਹੈ।ਝਾਰਖੰਡ ਮੁਕਤੀ ਮੋਰਚਾ ਅਤੇ ਭਾਜਪਾ ਆਹਮੋ-ਸਾਹਮਣੇ ਹਨ।ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕਿਹਾ ਕਿ ਮਨਰੇਗਾ ਘੁਟਾਲਾਕੇਸਵਿੱਚਪਿਛਲੀ ਸਰਕਾਰ ਵੇਲੇ ਪੂਜਾ ਸਿੰਘਲ ਨੂੰ ਕਲੀਨ ਚਿੱਟ ਦੇਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਭਾਜਪਾਵੱਲ ਨਿਸ਼ਾਨਾ ਸਾਧਦੇ ਹੋਏ ਹੇਮੰਤ ਸੋਰੇਨ ਨੇ ਕਿਹਾ ਕਿ ਭਾਜਪਾ ਦਾ ਹਾਲ 'ਚੋਰ ਮਚਾਏ ਸ਼ੋਰ' ਵਾਲਾ ਹੈ। ਸਾਬਕਾ ਭਾਜਪਾ ਮੁੱਖ ਮੰਤਰੀ ਰਘੁਬਰ ਦਾਸ ਦੇ ਰਾਜ ਵਿੱਚਪੂਜਾ ਸਿੰਘਲ ਨੂੰ ਕਿਸ ਆਧਾਰ ਉੱਤੇਛੱਡਿਆ ਗਿਆ ਸੀ?

# ਐਸ ਪੀ ਖ਼ਿਲਾਫ਼ ਰਿਸ਼ਵਤ ਲੈਣ ਦਾ ਕੇਸ ਦਰਜ, ਰੀਡਰ ਗ੍ਰਿਫ਼ਤਾਰ

ਸੰਗਰੂਰ, 11 ਮਈ (ਪੋਸਟ ਬਿਊਰੋ)- ਜ਼ਿਲ੍ਹਾ ਸੰਗਰੂਰ ਪੁਲਸ ਦੇ ਐਸ ਪੀ (ਪੀ ਬੀ ਆਈ) ਕਰਨਵੀਰ ਸਿੰਘ ਅਤੇ ਉਸ ਦੇ ਰੀਡਰ ਦਵਿੰਦਰ ਸਿੰਘ ਖ਼ਿਲਾਫ਼ ਪੁਲਸ ਨੇ ਤਿੰਨ ਲੱਖ ਰੁਪਏ ਰਿਸ਼ਵਤ ਦਾ ਕੇਸ ਦਰਜ ਕਰਕੇ ਰੀਡਰ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਐੱਸ ਪੀ ਦੀ ਭਾਲ ਕੀਤੀ ਜਾ ਰਹੀ ਹੈ। ਇਸ ਬਾਰੇ ਜ਼ਿਲ੍ਹਾ ਪੁਲਸ ਮੁਖੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਥਾਣਾ ਖਨੌਰੀ ਵਿਖੇ ਬੀਤੀ 27 ਫਰਵਰੀ ਨੂੰ ਪਰਮਜੀਤ ਕੌਰ ਪਿੰਡ ਮੰਡਵੀ ਨੇ ਆਪਣੇ ਪਤੀ ਤੇ ਸਹੁਰੇ ਪਰਵਾਰ ਖ਼ਿਲਾਫ਼ ਮੁਕੱਦਮਾ ਦਰਜ ਕਰਵਾਇਆ ਸੀ ਕਿ ਸਹੁਰਾ ਪਰਵਾਰ ਨੇ ਉਸ ਨੂੰ ਅੱਗ ਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਲੜਕੀ ਦੇ ਸਹੁਰੇ ਪਰਵਾਰ ਵੱਲੋਂ ਮੁੜ ਜਾਂਚ ਕਰਨ ਦੀ ਦਰਖ਼ਾਸਤ ਦਿੱਤੀ ਸੀ, ਜਿਸ ਵਿੱਚ ਐਸ ਪੀ (ਪੀ ਬੀ ਆਈ) ਕਰਨਵੀਰ ਸਿੰਘ ਨੇ ਸਹੁਰੇ ਪਰਵਾਰ ਨੂੰ ਬੇਗੁਨਾਹ ਸਾਬਤ ਕਰਦਿਆਂ ਕੇਸ ਰੱਦ ਕਰ ਦਿੱਤਾ। ਇਸ ਮਾਮਲੇ 'ਚ ਅੱਗ ਨਾਲ ਝੁਲਸੀ ਪਰਮਜੀਤ ਕੌਰ ਦੀ ਮੌਤ ਹੋ ਗਈ ਸੀ।


















# ਪੰਥਕ ਜੱਥੇਬੰਦੀਆਂ ਦੀ ਬੈਠਕ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸਾਂਝਾ ਸੰਘਰਸ਼ ਵਿੱਢਣ ਦਾ ਫ਼ੈਸਲਾ

ਅੰਮ੍ਰਿਤਸਰ, 11 ਮਈ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸੱਦੇ ਗਏ ਇਕੱਠ ਵਿੱਚ ਸਾਰੀਆਂ ਜਥੇਬੰਦੀਆਂ ਤੇ ਸੰਗਠਨਾਂ ਨੇ ਇਕਜੁਟਤਾ ਨਾਲ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ ਹੈ। ਇਹ ਬੈਠਕ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਦੇ ਬਾਅਦ ਸ਼੍ਰੋਮਣੀ ਕਮੇਟੀ ਦਫ਼ਤਰ ਵਿਚਲੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਗਈ ਸੀ, ਜਿਸ ਵਿੱਚ ਕਈ ਸਿੱਖ ਧਿਰਾਂ ਸ਼ਾਮਲ ਸਨ।



ਅੱਜ ਦੇ ਇਕੱਠ ਵਿੱਚ ਸਿੱਖ ਪੰਥ ਦੀਆਂ ਵੱਖ-ਵੱਖ ਧਾਰਮਿਕ, ਰਾਜਸੀ ਅਤੇ ਸਮਾਜਿਕ ਧਿਰਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨਾਂ ਤੇ ਕੀਤੇ ਜਾਣ ਵਾਲੇ ਸੰਘਰਸ਼ ਦਾ ਸਾਥ ਦੇਣ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ।ਬੈਠਕ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੇਲਈ ਤਿੰਨ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਸਾਂਝੀ ਕਮੇਟੀ ਬਣਾਉਣ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਗਵਰਨਰਾਂ ਨੂੰ ਮਿਲਣ ਅਤੇ ਲੋੜ ਪੈਣ ਉੱਤੇ ਸੰਘਰਸ਼ ਵਿੱਢਣਦੀ ਸਹਿਮਤੀ ਕੀਤੀ ਗਈ। ਇਸ ਦੇ ਨਾਲ ਪਾਰਲੀਮੈਂਟ ਦੇ ਸਿੱਖ ਮੈਂਬਰਾਂ, ਭਾਵੇਂ ਕਿਸੇ ਪਾਰਟੀ ਨਾਲ ਸਬੰਧਤ ਹੋਣ, ਨੂੰ ਪਾਰਲੀਮੈਂਟ ਦੇਦੋਵਾਂਹਾਊਸਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਅਵਾਜ਼ ਚੁੱਕਣ ਦੀ ਅਪੀਲ ਕੀਤੀ ਗਈ।

ਬੈਠਕ ਵਿੱਚ ਇਹ ਕਮੇਟੀ ਬਣਾਉਣ ਦੇ ਅਧਿਕਾਰ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਦੇ ਦਿੱਤੇ ਗਏ। ਆਪਣੇ ਭਾਸ਼ਣਵਿੱਚ ਐਡਵੋਕੇਟ ਧਾਮੀ ਨੇ ਕਿਹਾ ਕਿ ਕਮੇਟੀ ਜਲਦੀਬਣਾਈ ਜਾਵੇਗੀ, ਜਿਸ ਵਿੱਚ ਸਭ ਧਿਰਾਂ ਦੇ ਮੈਂਬਰ ਹੋਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਚਿਰਾਂ ਤੋਂ ਸਿੱਖ ਪੰਥ ਦੀਆਂ ਪ੍ਰਤੀਨਿਧ ਵੱਖ-ਵੱਖ ਜਥੇਬੰਦੀਆਂ ਤੇ ਪੰਥ ਦਰਦੀ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨ ਕਰ ਰਹੇ ਹਨ, ਪਰ ਭਵਿੱਖ ਵਿੱਚ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਮਿਲ ਕੇ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂਸਿੱਖਾਂ ਨਾਲ ਧੱਕਾ ਹੁੰਦਾ ਰਿਹਾ ਅਤੇ ਸਜ਼ਾਵਾਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਸਿੰਘਾਂ ਨੂੰ ਰਿਹਾਅ ਨਾ ਕਰਕੇ ਧੱਕੇ ਦੀ ਸਿਖਰ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਸਿੱਖ ਕੈਦੀ ਆਪਣੀ ਨਿੱਜੀ ਲੜਾਈ ਲਈ ਨਹੀਂ, ਕੌਮੀ ਯੁੱਧ ਕਾਰਨ ਜੇਲ੍ਹਾਂ ਵਿੱਚ ਹਨ ਤੇ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਵੱਲੋਂ ਲਿਆ ਫ਼ੈਸਲਾ ਸਿੱਖਾਂ ਦੇ ਗੁਰਧਾਮਾਂ ਤੇ ਕੌਮ ਦੀ ਅਣਖ ਉੱਤੇ ਹਮਲਿਆਂ ਵਿੱਚੋਂ ਨਿਕਲਿਆ ਸੀ। ਇਸ ਲਈ ਇਹ ਬਿਨਾਂ ਸ਼ਰਤ ਛੱਡੇ ਜਾਣ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅੱਜ ਦੀ ਬੈਠਕ ਦਾ ਇਕਜੁਟਤਾ ਦਾ ਸੁਨੇਹਾ ਸਿੱਖ ਕੌਮ ਲਈ ਬੇਹੱਦ ਅਹਿਮ ਹੈ ਅਤੇ ਭਵਿੱਖ ਵਿਚ ਇਸ ਲਹਿਰ ਨੂੰ ਤੋਰੀ ਰੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਿਆਸੀ ਵਖਰੇਵੇਂ ਇੱਕ ਪਾਸੇ ਹਨ, ਪੰਥਕ ਹਿੱਤਾਂ ਲਈ ਸਮੂਹਕ ਯਤਨ ਵੱਡੇ ਨਤੀਜੇ ਦੇਣਗੇਅਤੇ ਅਕਾਲੀ ਦਲ ਪੰਥ ਦੇ ਨਿਰਦੇਸ਼ਾਂ ਉੱਤੇ ਹਰ ਲੜਾਈ ਲੜਨ ਲਈ ਨਾਲ ਰਹੇਗਾ।

ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਇਨ੍ਹਾਂ ਪੰਥਕ ਕਾਰਜਾਂ ਲਈ ਸਹਿਯੋਗ ਦਾ ਭਰੋਸਾ ਦਿੱਤਾਅਤੇ ਕਿਹਾ ਕਿ ਚਿਰਾਂ ਪਿੱਛੋਂ ਕੀਤਾ ਇਹ ਇਕੱਠ ਆਪਣੇ ਆਪ ਇਤਿਹਾਸਕ ਹੈ, ਜਿਸਦੇ ਚੰਗੇ ਨਤੀਜੇ ਨਿਕਲਣਗੇ। ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸਿੱਖ ਪੰਥ ਨੂੰ ਠੋਸ ਯਤਨ ਅੱਗੇ ਵਧਾਉਣ ਲਈ ਨਿਰਣ-ਾਇਕ ਫ਼ੈਸਲੇ ਲੈਣੇ ਚਾਹੀਦੇ ਹਨ। ਦਲ ਬਾਬਾ ਬਿਧੀ ਚੰਦ ਦੇ ਬਾਬਾ ਅਵਤਾਰ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ ਕੇ, ਸੰਤ ਬਲਜੀਤ ਸਿੰਘ ਦਾਦੂਵਾਲ, ਤਰਨਾ ਦਲ ਦੇ ਬਾਬਾ ਨੌਰੰਗ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਵੀ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾਂਦੇ ਕਾਰਜਾਂ ਵਿੱਚ ਕੋਈ ਪਿੱਛੇ ਨਹੀਂ ਹਟੇਗਾ।ਬੈਠਕ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਜੱਸਾ ਸਿੰਘ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਲਦੇਵ ਸਿੰਘ ਸਿਰਸਾ, ਇੰਦਰਜੀਤ ਸਿੰਘ ਜਨਰਲ ਸੈਕਟਰੀ ਤਖ਼ਤ ਸ੍ਰੀ ਪਟਨਾ ਸਾਹਿਬ, ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸੁਰਜੀਤ ਸਿੰਘ, ਸੁਰਜੀਤ ਸਿੰਘ ਗੁਰ-ਦੁਆਰਾ ਸਿੰਘ ਸਭਾ ਗੋਹਲਵੜ ਆਦਿ ਮੌਜੂਦ ਸਨ।

# ਘੱਟ ਗਿਣਤੀ ਕਮਿਸ਼ਨ ਦੇ ਮੁਖੀ ਨੇ ਕਿਹਾ: ਸਿੱਖ ਕੌਮ ਨੂੰ ਘੱਟ ਗਿਣਤੀਆਂ ਵਿੱਚੋਂ ਕੱਢਣ ਦੀ ਕੋਈ ਤਜਵੀਜ਼ ਨਹੀਂ

ਅੰਮ੍ਰਿਤਸਰ, 11 ਮਈ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਦਾਅਵਾ ਕੀਤਾ ਸੀ ਕਿ ਭਾਰਤ ਵਿੱਚ ਸਿੱਖਾਂ ਕੋਲੋਂ ਘੱਟ ਗਿਣਤੀ ਦਾ ਦਰਜਾ ਖੋਹਿਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਹੈ ਕਿ ਏਦਾਂ ਦੀ ਕੋਈ ਤਜਵੀਜ਼ ਨਹੀਂ ਹੈ।



ਅੱਜ ਏਥੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤਾ ਬਿਆਨ ਰੱਦ ਕਰਦਿਆਂ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਕਿ ਇਹ ਗਲਤ, ਗੁੰਮਰਾਹਕੁੰਨ ਤੇ ਸਿੱਖ ਕੌਮ ਵਿੱਚ ਡਰ ਅਤੇ ਦੁਸ਼ਮਣੀ ਪੈਦਾ ਕਰਨ ਵਾਲਾ ਬਿਆਨ ਹੈ। ਜੱਥੇਦਾਰ ਦੇ ਦਾਅਵੇ ਬਾਰੇ ਅੱਜ ਘੱਟ ਗਿਣਤੀਆਂ ਬਾਰੇ ਕਮਿਸ਼ਨ ਨੇ ਇਸ ਨੂੰ ਰੱਦ ਕਰ ਕੇ ਕਿਹਾ, 'ਸਿੱਖ ਭਾਈਚਾਰੇ ਨੂੰ ਘੱਟ ਗਿਣਤੀਆਂ ਵਿੱਚੋਂ ਕੱਢਣ ਦੀਸੋਚ ਨਹੀਂ, ਸਗੋਂ ਪ੍ਰਧਾਨ ਮੰਤਰੀ ਦੇ 15-ਨੁਕਾਤੀ ਪ੍ਰੋਗਰਾਮ ਨਾਲਸਿੱਖਾਂ ਵਿੱਚ ਸਿੱਖਿਆ, ਰੁਜ਼ਗਾਰ ਉਤਸ਼ਾਹਤ ਕਰਨ ਦੀ ਸਾਫ ਯੋਜਨਾ ਹੈ ਤੇ ਸਿਕਲੀਗਰ ਤੇ ਵਣਜਾਰਾ ਸਿੱਖ ਭਾਈਚਾਰਿਆਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਉੱਚਾ ਚੁੱਕਣ ਲਈ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।'

ਘੱਟ ਗਿਣਤੀ ਕਮਿਸ਼ਨ ਨੇ ਸਾਫ ਕਿਹਾ, 'ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿੱਚ ਸਿੱਖਾਂ ਦਾ ਘੱਟ ਗਿਣਤੀ ਦਰਜਾ ਵਾਪਸ ਲਿਆ ਜਾ ਰਿਹਾ ਹੈ। ਇਹ ਅਸਲ ਵਿੱਚ ਗਲਤ, ਗੁੰਮਰਾਹਕੁੰਨ, ਪ੍ਰੇਰਿਤ ਅਤੇ ਸਿੱਖ ਕੌਮ ਵਿੱਚ ਡਰ ਤੇ ਦੁਸ਼ਮਣੀ ਪੈਦਾ ਕਰਨ ਲਈ ਹੈ।' ਬਿਆਨਵਿੱਚਇਹ ਕਿਹਾ ਗਿਆ ਕਿ 'ਹੋ ਸਕਦਾ ਹੈ ਕਿ ਜਥੇਦਾਰ ਨੂੰ ਗਲਤ ਜਾਣਕਾਰੀ ਮਿਲੀ ਹੋਵੇ।ਸੱਚ ਇਹ ਹੈ ਕਿ ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਤਰਲੋਚਨ ਸਿੰਘ ਇੱਕ ਸਿੱਖ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਤੇ ਮੌਜੂਦਾ ਸਰਕਾਰ ਨੇ 15 ਸਾਲਾਂ ਬਾਅਦ ਇੱਕ ਸਿੱਖਇਕਬਾਲ ਸਿੰਘ ਲਾਲਪੁਰਾ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਹੈ, ਜਿਸ ਦਾ ਕਾਰਜਕਾਲ 2025 ਤੱਕ ਹੈ।ਘੱਟ ਗਿਣਤੀ ਕਮਿਸ਼ਨ ਨੇ ਕਿਹਾ ਕਿ ਸਰਕਾਰ ਨੇ ਅਫਗਾਨ ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਦਿਵਾਉਣ ਵਿੱਚ ਮਦਦ ਕੀਤੀ ਤੇ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹ ਦਿੱਤਾ ਹੈ।

# ਮੋਹਾਲੀ ਧਮਾਕਾ ਕੇਸ ਵਿੱਚ ਫੜੇ ਨਿਸ਼ਾਨ ਬਾਰੇ ਹੈਰਾਨਕੁਨ ਖੁਲਾਸੇ

ਚੰਡੀਗੜ੍ਹ, 11 ਮਈ, (ਪੋਸਟ ਬਿਊਰੋ)- ਮੁਹਾਲੀ ਧਮਾਕਾ ਕੇਸ ਨਾਲ ਜੁੜੀ ਜਾਂਚ ਵਿੱਚ ਫਰੀਦਕੋਟ ਅਤੇ ਮੁਹਾਲੀ ਪੁਲਿਸ ਦੇ ਸਾਂਝੇ ਆਪਰੇਸ਼ਨ ਵਿੱਚ ਤਰਨਤਾਰਨ ਜ਼ਿਲੇ ਦੇ ਨਿਸ਼ਾਨ ਸਿੰਘ (26 ਸਾਲ) ਨੂੰ ਫੜਿਆ ਗਿਆ ਹੈ। ਨਿਸ਼ਾਨ ਸਿੰਘ ਪੱਟੀ ਨੇੜੇ ਪਿੰਡ ਕੁੱਲਾ ਦਾ ਰਹਿਣ ਵਾਲਾ ਹੈ ਅਤੇਉਸ ਦੀ ਕ੍ਰਿਮੀਨਲ ਬੈਕਗ੍ਰਾਊਂਡ ਹੈ। ਬੀਤੇ ਸੋਮਵਾਰ ਸ਼ਾਮ ਨੂੰ ਮੋਹਾਲੀ ਵਿੱਚ ਪੰਜਾਬ ਸਟੇਟ ਇੰਟੈਲੀਜੈਂਸ ਦੇ ਹੈੱਡ ਕੁਆਰਟਰ ਉੱਤੇ ਹਮਲੇ ਵਾਲੇਕੇਸ ਵਿੱਚਫੜੇ ਗਏ ਨਿਸ਼ਾਨ ਸਿੰਘ ਉੱਤੇ ਸਾਲ 2012 ਤੋਂ 2022 ਤੱਕ ਆਰਮਜ਼ ਐਕਟ, ਨਸ਼ੀਲੇ ਪਦਾਰਥਾਂ ਬਾਰੇ ਐਨਡੀਪੀਐਸ ਐਕਟ ਤੇ ਕਈ ਹੋਰ ਅਪਰਾਧਿਕ ਕੇਸ ਦਰਜ ਹਨ। ਪੱਟੀ ਵਿੱਚ 2012 ਵਿੱਚ ਆਰਮਜ਼ ਐਕਟ ਦਾ ਕੇਸ ਦਰਜ ਹੋਇਆ ਸੀ, ਜਿਸ ਤੋਂ ਬਾਅਦ 2014, 2016, 2017, 2019, 2021, 2022 ਵਿੱਚ ਕਈ ਜ਼ਿਲ੍ਹਿਆਂ ਵਿੱਚ ਆਰਮਜ਼ ਐਕਟ ਦੇ ਨਾਲ 14 ਤੋਂ ਵੱਧ ਅਪਰਾਧਿਕ ਕੇਸ ਦਰਜ ਹਨ।

*** ਹਿਮਾਚਲ ਅਸੈਂਬਲੀ ਉੱਤੇ ਖਾਲਿਸਤਾਨੀ ਝੰਡੇ ਬਾਰੇ 1 ਗ੍ਰਿਫ਼ਤਾਰ, 1 ਫਰਾਰ**



ਇਸ ਦੌਰਾਨ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਕੰਪਲੈਕਸ ਦੇ ਮੁੱਖ ਗੇਟ ਉੱਤੇ ਖਾਲਿਸਤਾਨੀ ਝੰਡੇ ਬੰਨ੍ਹੇ ਦਿੱਸਣ ਦੇ ਤਿੰਨ ਦਿਨ ਬਾਅਦ ਅੱਜ ਪੰਜਾਬ ਤੇ ਹਿਮਾਚਲ ਪੁਲਿਸ ਨੇ ਇਸ ਸਬੰਧ ਵਿ-ਚਇੱਕ ਪੰਜਾਬੀਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਦੱਸਿਆ ਕਿ ਇਸ ਕਾਰਵਾਈ ਵਿੱਚ ਸ਼ਾਮਲ ਦੋ ਜਣਿਆਂਵਿੱਚੋਂ ਇੱਕਨੂੰ ਫੜ ਲਿਆ ਹੈ। ਸੂਤਰਾਂ ਮੁਤਾਬਕਹਿਮਾਚਲ ਪ੍ਰਦੇਸ਼ ਪੁਲਿਸ ਨੇ ਇਸ ਕੇਸ ਦੇ ਦੋਸ਼ੀ ਵਜੋਂ ਮੋਰਿੰਡਾ ਦੇ ਹਰਬੀਰ ਸਿੰਘ ਤੇ ਪਰਮਜੀਤ ਸਿੰਘ ਦੀ ਪਛਾਣ ਕੀਤੀ ਸੀ।ਅੱਜ ਪੁਲਿਸ ਨੇ ਰੋਪੜ ਜ਼ਿਲੇ ਦੇ ਮੋਰਿੰਡਾ ਇਲਾਕੇ ਵਿੱਚ ਛਾਪਾ ਮਾਰ ਕੇ ਹਰਬੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।ਫਿਰ ਚਮਕੌਰ ਸਾਹਿਬ ਦੇ ਪਿੰਡ ਰੁੜਕੀ ਹੀਰਾਂ ਵਿੱਚ ਪਰਮਜੀਤ ਸਿੰਘ ਦੇ ਘਰ ਛਾਪਾ ਮਾਰਿਆ, ਪਰ ਉਹ ਫ਼ਰਾਰ ਹੋ ਗਿਆ। ਧਰਮਸ਼ਾਲਾ ਦੇ ਅਸੈਂਬਲੀ ਕੰਪਲੈਕਸ, ਜਿੱਥੇ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਚੱਲਦਾ ਹੈ, ਦੀਆਂ ਕੰਧਾਂ ਉੱਤੇ ਝੰਡਿਆਂ ਦੇ ਨਾਲ ਖਾਲਿਸਤਾਨ ਪੱਖੀ ਨਾਅਰੇ ਲਿਖੇ ਹੋਏ ਮਿਲੇ ਸਨ।

# ਗੱਡੀ ਲੁੱਟਣ ਦੀ ਕੋਸ਼ਿਸ਼ ਕਰਦੇ ਲੁਟੇਰੇ ਨਾਲ ਜੋੜਾ ਭਿੜ ਗਿਆ

ਜਲੰਧਰ, 11 ਮਈ (ਪੋਸਟ ਬਿਊਰੋ)- ਥਾਣਾ ਨੰਬਰ-4 ਦੀ ਹੱਦ ਵਿੱਚ ਪੈਂਦੇ ਨਕੋਦਰ ਚੌਕ ਲਾਗੇ ਗੱਡੀ ਵਿੱਚ ਬੈਠੇ ਪਤੀ-ਪਤਨੀ ਤੋਂ ਪਿਸਤੌਲ ਦੀ ਨੋਕ ਉੱਤੇ ਗੱਡੀ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਲੁਟੇਰੇ ਨਾਲ ਪਤੀ-ਪਤਨੀ ਭਿੜ ਗਏ। ਲੁਟੇਰੇ ਨੂੰ ਫੜ ਕੇ ਪੁਲਸ ਹਵਾਲੇ ਕੀਤਾ ਗਿਆ, ਲੁਟੇਰੇ ਵੱਲੋਂ ਵਰਤੀ ਗਈ ਪਿਸਤੌਲ ਵੀ ਖਿਡੌਣਾ ਨਿਕਲੀ।

ਅੰਕਿਤ ਚੋਪੜਾ ਵਾਸੀ ਮਿਲਾਪ ਚੌਕ ਨੇ ਦੱਸਿਆ ਕਿ ਰਾਤ ਉਹ ਆਪਣੀ ਪਤਨੀ ਨਮਿਤਾ ਨਾਲ ਸਬਵੇ ਨਕੋਦਰ ਚੌਕ ਗਿਆ ਸੀ। ਉਹ ਦੋਵੇਂ ਹਾਲੇ ਗੱਡੀ ਵਿੱਚ ਬੈਠੇ ਸਨ ਕਿ ਇੱਕ ਨੌਜਵਾਨ ਗੱਡੀ ਵਿੱਚ ਆ ਕੇ ਬਹਿ ਗਿਆ ਤੇ ਪਿਸਤੌਲ ਉਸ ਦੀ ਪੁੜਪੁੜੀ ਉੱਤੇ ਲਾ ਦਿੱਤੀ ਅਤੇ ਕਿਹਾ ਸੋਨਾ, ਕੈਸ਼ ਤੇ ਗੱਡੀ ਦੀ ਚਾਬੀ ਦਿਓ ਤੇ ਗੱਡੀ ਤੋਂ ਬਾਹਰ ਨਿਕਲ ਜਾਓ। ਅੰਕਿਤ ਨੇ ਦੱਸਿਆ ਕਿ ਪਹਿਲੇ ਉਹ ਘਬਰਾ ਗਏ, ਪਰ ਫਿਰ ਉਨ੍ਹਾਂ ਨੇ ਹਿੰਮਤ ਕਰ ਕੇ ਲੁਟੇਰੇ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ। ਲੁਟੇਰਾ ਘਬਰਾ ਗਿਆ ਤੇ ਪਿਸਤੌਲ ਗੱਡੀ ਵਿੱਚ ਸੁੱਟ ਕੇ ਭੱਜ ਗਿਆ। ਉਹ ਗੱਡੀ ਤੋਂ ਬਾਹਰ ਨਿਕਲੇ ਅਤੇ ਰੌਲਾ ਪਾ ਦਿੱਤਾ। ਰੌਲਾ ਸੁਣ ਕੇ ਲੋਕਾਂ ਨੇ ਕੁਝ ਦੂਰੀ ਤੋਂ ਲੁਟੇਰੇ ਨੂੰ ਕਾਬੂ ਕਰ ਲਿਆ।

# 'ਮੇਰੇ ਘਰ ਚਿੱਟਾ ਲੈਣ ਵਾਲੇ ਆਉਣਗੇ, ਜਿਸ ਵਿਚ ਦਮ ਹੋਵੇ, ਰੋਕ ਕੇ ਦਿਖਾਵੇ...'

*** ਵੱਡੇ ਦਾਅਵੇ ਵਾਲੀ ਔਰਤ ਆਡੀਓ ਵਾਇਰਲ ਹੋਣ ਪਿੱਛੋਂ ਗ੍ਰਿਫਤਾਰ**

ਮੋਗਾ, 11 ਮਈ, (ਪੋਸਟ ਬਿਊਰੋ)- ਚਿੱਟਾ ਵੇਚਣ ਤੋਂ ਰੋਕਣ ਵਾਲਿਆਂ ਨੂੰ ਫੋਨ ਉੱਤੇ ਖੁੱਲ੍ਹੀ ਧਮਕੀ ਦੇਣ ਵਾਲੀ ਔਰਤ ਅੱਜ ਫੜੀ ਗਈ ਹੈ, ਜਿਹੜੀ ਆਡੀਓ ਵਿੱਚ ਕਹਿੰਦੀ ਸੁਣਦੀ ਹੈ ਕਿ'ਮੇਰੇ ਘਰ ਚਿੱਟਾ ਲੈਣ ਵਾਲੇ ਆਉਣਗੇ, ਗਾਂਜਾ ਪੀਣ ਵਾਲੇ ਵੀ ਆਉਣਗੇ, ਜਿਸ ਵਿਚ ਦਮ ਹੈ, ਰੋਕ ਕੇ ਦਿਖਾਵੇ, ਮੈਨੂੰ ਭਗਵੰਤ ਮਾਨ ਦਾ ਵੀ ਕੋਈ ਡਰ ਨਾ ਅੱਜ ਹੈ, ਨਾ ਕੱਲ੍ਹ ਹੈ।' ਇਹ ਆਡੀਓ ਵਾਇਰਲ ਹੋਣ ਪਿੱਛੋਂ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਗ੍ਰਿਫਤਾਰ ਕੀਤੀ ਔਰਤ ਦੀ ਪਛਾਣ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਦੀ ਵੀਰਪਾਲ ਕੌਰ ਉਰਫ ਵੀਰਾ ਵਜੋਂ ਹੋਈ ਹੈ। ਪੁਲਿਸ ਨੇ ਉਸ ਨੂੰ ਅਦਾਲਤ ਤੋਂ ਦੋ ਦਿਨਾ ਰਿਮਾਂਡ ਉੱਤੇ ਲਿਆ ਹੈ।ਸੂਤਰਾਂ ਅਨੁਸਾਰ ਮਾਰਚ ਦਾ ਇਹ ਆਡੀਓ 10 ਮਈ ਤੋਂ ਇੰਟਰਨੈੱਟ ਮੀਡੀਆ ਉੱਤੇ ਵਾਇਰਲ ਹੋਇਆ ਹੈ। ਇਸ ਪਿੱਛੋਂਅੱਜ ਬੁੱਧਵਾਰ ਪੁਲਿਸ ਨੇ ਉਸ ਔਰਤ ਦਾ ਪਤਾ ਲਾ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਵਾਇਰਲ ਆਡੀਓ ਵਿਚ ਔਰਤ ਆਮ ਆਦਮੀ ਪਾਰਟੀ ਦੇ ਨੇਤਾਵਾਂ ਵੱਲ ਇਸ਼ਾਰਾ ਕਰ ਕੇ ਕਹਿੰਦੀ ਹੈ,'ਮੈਨੂੰ ਪਰੇਸ਼ਾਨ ਕੀਤਾ ਤਾਂਸਭ ਦੀ ਪੋਲ ਖੋਲ੍ਹ ਦੇਵੇਗੀ, ਪਿੰਡ ਵਿਚ ਨਸ਼ਾ ਵੇਚਣ ਵਾਲਿਆਂ ਨੂੰ ਰੋਕਣ ਲਈ ਜੋ ਕਮੇਟੀ ਬਣੀ ਹੈ, ਉਸ ਕਮੇਟੀ ਵਾਲਿਆਂ ਨੇ ਪੋਸਤ ਦੀ ਬਿਜਾਈ ਕੀਤੀ ਹੈ, ਨਸ਼ਾ ਤਾਂ ਨਸ਼ਾ ਹੈ, ਚਿੱਟੇ ਦਾ ਹੋਵੇ ਜਾਂ ਚੂਰਾ ਪੋਸਤ ਦਾ।' ਇਸ ਬਾਰੇ ਥਾਣਾ ਬਾਘਾਪੁਰਾਣਾ ਦੇ ਮੁਖੀ ਸਬ ਇੰਸਪੈਕਟਰ ਨੇ ਕਿਹਾ ਕਿ ਔਰਤ ਆਡੀਓ ਵਿਚ ਪੋਸਤ ਦੀ ਬਿਜਾਈ ਬਾਰੇ ਜਿਸ ਵਿਅਕਤੀ ਦੀ ਗੱਲ ਕਰਦੀ ਹੈ, ਉਹ ਕੇਵਲ ਸਿੰਘ ਸੀ। ਉਸ ਦੇ ਘਰ ਪੁਲਿਸ ਨੇ ਜਾਂਚ ਕੀਤੀ, ਪਰ ਉਥੋਂ ਚੂਰਾ ਪੋਸਤ ਵੇਚਣ ਵਰਗੀ ਕੋਈ ਗੱਲ ਨਹੀਂ ਨਿਕਲੀ।



ਪੰਜਾਬ ਵਿਚ ਸੱਤਾ ਬਦਲੀਪਿੱਛੋਂ ਥਾਣਾ ਬਾਘਾਪੁਰਾਣਾ ਦੇ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਵਿੱਚ ਆਮ ਆਦਮੀ ਪਾਰਟੀ ਨਾਲ ਸਬੰਧਤ ਲੋਕਾਂ ਨੇ ਇੱਕ ਕਮੇਟੀ ਬਣਾ ਕੇਕਿਹਾ ਸੀ ਕਿ ਕਿਸੇ ਨੂੰ ਨਸ਼ਾ ਨਹੀਂ ਵੇਚਣ ਦੇਣਗੇ, ਜੋ ਵੇਚੇਗਾ, ਉਸ ਨੂੰ ਪੁਲਿਸ ਨੂੰਫੜਾ ਦਿੱਤਾ ਜਾਵੇਗਾ। ਇਸੇ ਕਮੇਟੀ ਨੂੰ ਔਰਤ ਨੇ ਚੁਣੌਤੀ ਦਾ ਆਡੀਓ ਵਾਇਰਲ ਹੋ ਗਿਆ।ਮੋਗਾ ਦੇ ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਜਾਂਚ ਮੁਤਾਬਕ ਵੀਰਪਾਲ ਕੌਰ ਦਾ ਭਰਾ ਨਸ਼ਾ ਤਸਕਰੀ ਕਰਦਾ ਹੈ ਤੇ ਪੁਲਿਸ ਉਸ ਦੀ ਗ੍ਰਿਫਤਾਰੀ ਦੇ ਯਤਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਮਈ ਤੋਂ ਅੱਜ ਤਕ ਨਸ਼ਾ ਤਸਕਰਾਂ ਵਿਰੁੱਧ 131 ਕੇਸ ਦਰਜ ਕੀਤੇ ਗਏ ਅਤੇ 192 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਐੱਨਡੀਪੀਐੱਸ ਐਕਟ ਦੇ ਕੇਸਾਂ ਦੇ 13 ਭਗੌੜਿਆਂ ਨੂੰ ਗ੍ਰਿਫਤਾਰ ਕੀਤਾ ਹੈ।

# ਪਿੰਡ ਮੰਡ ਚੌਂਤਾ ਦੀ 60 ਏਕੜ ਸਰਕਾਰੀ ਜ਼ਮੀਨ ਨਾਜਾਇਜ਼ ਕਬਜ਼ਿਆਂ ਤੋਂ ਛੁਡਾਈ

ਸਾਹਨੇਵਾਲ, 11 ਮਈ (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੱਲ੍ਹ ਸਾਹਨੇਵਾਲ ਸਬ-ਡਵੀਜ਼ਨ ਦੇ ਪਿੰਡ ਮੰਡ ਚੌਂਤਾ ਦੀ 60 ਏਕੜ, ਚਾਰ ਕਨਾਲ, 11 ਮਰਲੇ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਪਿੱਛੋਂ ਪੱਤਰਕਾਰਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਜਗਤਾਰ ਸਿੰਘ ਦਿਆਲਪੁਰਾ, ਜੀਵਨ ਸਿੰਘ ਸੰਗੋਵਾਲ, ਏ ਡੀ ਸੀ (ਪੇਂਡੂ ਵਿਕਾਸ) ਅਮਿਤ ਕੁਮਾਰ ਪੰਚਾਲ, ਡੀ ਡੀ ਪੀ ਓ ਸੰਜੀਵ ਕੁਮਾਰ ਆਦਿ ਵੀ ਹਾਜ਼ਰ ਸਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿੱਥੇ ਅੱਜ ਤਕ 121 ਏਕੜ (ਕੱਲ੍ਹ ਦੀ 60 ਏਕੜ 4 ਕਨਾਲ 11 ਮਰਲੇ ਸਮੇਤ) ਸਰਕਾਰੀ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਾਈ ਗਈ ਹੈ। ਮੰਤਰੀ ਨੇ ਖੁਲਾਸਾ ਕੀਤਾ ਕਿ ਮੰਡ ਚੌਂਤਾ ਦੀਇਸ ਜ਼ਮੀਨ ਉੱਤੇ ਸਾਲ 2007 ਤੋਂ ਅਕਾਲੀ-ਭਾਜਪਾ ਸਰਕਾਰ ਵੇਲੇ ਤੋਂ ਪਿੰਡ ਦੇ ਵੱਖ-ਵੱਖ 18 ਵਿਅਕਤੀਆਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਵਾਹੀਯੋਗ ਜ਼ਮੀਨਾਂ ਨੂੰ ਨਿਯਮਾਂ ਅਨੁਸਾਰ ਖੇਤੀਬਾੜੀ ਲਈ ਲੀਜ਼ ਉੱਤੇ ਦਿੱਤਾ ਜਾਵੇਗਾ ਅਤੇ ਵਪਾਰਕ ਜ਼ਮੀਨਾਂ ਨੂੰ ਵਪਾਰ ਅਤੇ ਦੁਕਾਨਾਂ ਦੀ ਉਸਾਰੀ ਲਈ ਵਰਤਿਆਂ ਜਾਵੇਗਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic# 10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨਾਲ ਮੁਲਾਕਾਤ

## ਅੰਮ੍ਰਿਤਸਰ ਹਵਾਈ ਅੱਡੇ ਤੋਂ ਕੈਨੇਡਾ,ਅਮਰੀਕਾ,ਆਸਟਰੇਲੀਆ ਤੇ ਇੰਗਲੈਂਡ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਕੀਤੀ ਮੰਗ

ਨਵੀਂ ਦਿੱਲੀ, 11 ਮਈ (ਗਿਆਨ ਸਿੰਘ): ਪ੍ਰਵਾਸੀ ਮਾਮਲਿਆਂ, ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸਾਊਥ ਬਲਾਕ ਵਿਖੇ ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ.ਮੁਰਲੀਧਰਨ ਨਾਲ ਮੁਲਾਕਾਤ ਕਰਕੇ ਪ੍ਰਵਾਸੀ ਭਾਰਤੀਆਂ ਨਾਲ ਸਬੰਧਤ ਅਹਿਮ ਮੱਦੇ ਉਠਾਏ ਗਏ।



ਮੀਟਿੰਗ ਦੌਰਾਨ ਸ਼੍ਰੀ ਧਾਲੀਵਾਲ ਵੱਲੋਂ ਅੰਮ੍ਰਿਤਸਰ ਹਵਾਈ ਅੱਡੇ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਇੰਗਲੈਂਡ ਲਈ ਸਿੱਧੀ ਉਡਾਣਾ ਸੁਰੂ ਕਰਨ ਅਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਹਵਾਈ ਅੱਡੇ ਨੂੰ ਵੀ ਸਾਰੀਆਂ ਲੋੜੀਂਦੀਆਂ ਸਹੂਲਤਾਂ ਵਾਲਾ ਅੰਤਰਰਾਸਟਰੀ ਹਵਾਈ ਅੱਡਾ ਬਣਾਏ ਜਾਣ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਹਵਾਈ ਅੱਡਿਆਂ ਤੇ ਇਮੀਗ੍ਰੇਸਨ ਕਾਊਂਟਰਾਂ 'ਤੇ ਫੋਕਸ ਕਰਦੇ ਹੋਏ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਪ੍ਰਵਾਸੀ ਭਾਰਤੀਆਂ ਨੂੰ ਇਨ੍ਹਾਂ ਕਾਊਂਟਰਾਂ ਤੇ ਦਰਪੇਸ਼ ਸਮੱਸਿਆਵਾਂ ਤੋਂ ਰਾਹਤ ਮਿਲ ਸਕੇ। ਲੋਕਾਂ ਨੂੰ ਟਰੈਵਲ ਵੀਜਾ ਲੈਣ ਅਤੇ ਕਾਗਜਾਂ ਦੀ ਤਸਦੀਕ ਕਰਵਾਉਣ ਵਿੱਚ ਦਿੱਕਤ ਆ ਰਹੀ ਹੈ। ਇਸਦੇ ਸਨਮੁੱਖ ਜਰੂਰੀ ਹਲਾਤਾਂ ਵਿੱਚ ਪੰਜਾਬੀ ਭਾਈਚਾਰੇ ਲਈ 24/7 ਹੈਲਪਲਾਈਨ ਹੋਣੀ ਚਾਹੀਦੀ ਹੈ। ਇਸਦੇ ਨਾਲ ਹੀ ਓਵਰਸੀਜ ਸਿਟੀਜਨਸ ਆਫ ਇੰਡੀਆ (ਓ.ਸੀ.ਆਈ) ਦੇ ਵੀਜ਼ਿਆਂ ਦੀ ਕਾਰਵਾਈ ਤੇਜੀ ਨਾਲ ਕਰਨ ਦੀ ਸਿਫਾਰਸ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਭਾਰਤ ਸਰਕਾਰ ਦੇ ਪੱਧਰ 'ਤੇ ਸਿੰਗਲ ਵਿੰਡੋ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਲੋੜ ਹੈ।ਵਿਦੇਸ਼ ਮੰਤਰਾਲੇ ਵਿੱਚ ਇੱਕ ਹੈਲਪਡੈਸਕ ਸਥਾਪਤ ਕੀਤਾ ਜਾ ਸਕਦਾ ਹੈ, ਜੋ ਪ੍ਰਵਾਸੀ ਭਾਰਤੀਆਂ ਨੂੰ ਮਦਦ ਲੈਣ ਦੇ ਯੋਗ ਬਣਾਉਣ ਲਈ 24 ਘੰਟੇ ਉਪਲਬਧ ਹੋਵੇ। ਇਸ ਹੈਲਪਡੈਸਕ ਨੰਬਰ ਦਾ ਵਿਦੇਸ਼ ਮੰਤਰਾਲੇ ਦੇ ਸਾਰੇ ਦੂਤਾਵਾਸਾਂ ਦੁਆਰਾ ਵਿਆਪਕ ਤੌਰ 'ਤੇ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਭਾਰਤ ਪਰਤਣ ਵਾਲੇ ਪਰਵਾਸੀ ਭਾਰਤੀਆਂ ਲਈ ਭਾਰਤੀ ਪੁਲਿਸ ਤੋਂ ਕੋਈ ਪੁਲਿਸ ਤਸਦੀਕ ਨਹੀਂ ਹੋਣੀ ਚਾਹੀਦੀ। ਇਸ ਦੀ ਬਜਾਇ, ਇਹ ਤਸਦੀਕ ਮੂਲ ਦੇਸ ਤੋਂ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਜੋ ਭਾਰਤੀ ਵਸਨੀਕ ਰਾਜਨੀਤਿਕ ਸਰਣ ਅਧੀਨ ਹੋਣ ਉਨ੍ਹਾਂ ਨੂੰ ਆਪਣੇ ਦੇਸ ਵਾਪਸ ਆਉਣ ਲਈ ਕਾਨੂੰਨ ਵਿੱਚ ਇੱਕ ਵਿਸੇਸ ਵਿਵਸਥਾ ਹੋਣੀ ਚਾਹੀਦੀ ਹੈ।

ਉਨ੍ਹਾਂ ਇਸ ਗੱਲ ਉੱਪਰ ਜੋਰ ਦਿੱਤਾ ਕਿ ਐਨ.ਆਰ.ਆਈਜ ਨਾਲ ਸਬੰਧਤ ਜਾਇਦਾਦਾਂ 'ਤੇ ਲਗਾਤਾਰ ਕਬਜਾ ਹੋਣ ਦਾ ਖਤਰਾ ਰਹਿੰਦਾ ਹੈ। ਇਸ ਲਈ ਲਿਮੀਟੇਸ਼ਨ ਐਕਟ ਵਿੱਚ ਪ੍ਰਤੀਕੂਲ ਕਬਜੇ ਦੀ 12 ਸਾਲ ਦੀ ਧਾਰਾ ਤੋਂ ਬਚਣ ਲਈ ਵਿਸੇਸ ਰਾਹਤ ਲਈ ਅਪੀਲ ਕੀਤੀ ਗਈ।

ਉਨ੍ਹਾਂ ਕਿਹਾ ਕਿ ਜੇਕਰ ਇੱਕ ਸਾਲ ਦੀ ਮਿਆਦ ਲਈ ਪੈਸੇ ਦਾ ਲੈਣ-ਦੇਣ ਨਹੀਂ ਕੀਤਾ ਜਾਂਦਾ ਤਾਂ ਬੈਂਕ ਖਾਤੇ ਬੰਦ ਹੋ ਜਾਂਦੇ ਹਨ, ਇਸ ਲਈ ਪ੍ਰਵਾਸੀ ਭਾਰਤੀਆਂ ਨੂੰ ਖਾਤਿਆਂ ਨੂੰ ਮੁੜ ਸੁਰਜੀਤ ਕਰਨ ਦੀ ਇਜਾਜਤ ਅਤੇ ਇਸ ਇੱਕ ਸਾਲ ਸਬੰਧੀ ਸ਼ਰਤ ਤੋਂ ਛੋਟ ਦਿੱਤੀ ਜਾਵੇ। ਬੀਮਾਂ ਪਾਲਸੀ ਦੀ ਪ੍ਰਪੱਕਤਾ ਦਾ ਲਾਭ ਲੈਣ ਲਈ ਸ਼ਰਤ ਹੈ ਕਿ ਐਨ.ਆਰ.ਆਈ ਵੱਲੋਂ ਭਾਰਤ ਵਿੱਚ ਬੈਕ ਖਾਤਾ ਖੁਲਵਾਇਆ ਜਾਵੇ। ਇਸ ਸਰਤ ਨੂੰ ਖਤਮ ਕੀਤੇ ਜਾਣ ਦੀ ਜਰੂਰਤ ਹੈ।

ਇਸਦੇ ਨਾਲ ਹੀ ਪਰਵਾਸੀ ਭਾਰਤੀਆਂ ਨੂੰ ਆਪਣੇ ਅਸਲਾ ਲਾਇਸੈਂਸਾਂ ਨੂੰ ਆਨਲਾਈਨ ਨਵਿਆਉਣ ਦੇ ਯੋਗ ਬਣਾਉਣ ਲਈ ਆਰਮਜ ਐਕਟ ਵਿੱਚ ਇੱਕ ਵਿਸੇਸ ਪ੍ਰਾਵਧਾਨ ਕੀਤਾ ਜਾਵੇ। ਉਨਾਂ ਇਹ ਵੀ ਕਿਹਾ ਕਿ ਪ੍ਰਵਾਸੀ ਭਾਰਤੀ ਭਾਈਚਾਰਾ 1990 ਦੇ ਦਹਾਕੇ ਤੋਂ ਦੋਹਰੀ ਨਾਗਰਿਕਤਾ ਦੀ ਮੰਗ ਕਰ ਰਿਹਾ ਹੈ ਪਰ ਇਹ ਅਜੇ ਵੀ ਪ੍ਰਵਾਨਗੀ ਲਈ ਲੰਬਿਤ ਹੈ ਜਿਸ ਨੂੰ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਓ.ਸੀ.ਆਈ ਕਾਰਡ ਧਾਰਕ ਭਾਰਤ ਵਿੱਚ ਜਮੀਨ ਨਹੀਂ ਖਰੀਦ ਸਕਦੇ। ਉਨ੍ਹਾਂ ਕੇਂਦਰੀ ਰਾਜ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਸਬੰਧੀ ਵਿਸੇਸ ਉਪਬੰਧ ਲਾਗੂ ਕੀਤੇ ਜਾਣ। ਕੇਂਦਰੀ ਮੰਤਰੀ ਮੰਡਲ ਦੁਆਰਾ ਪ੍ਰਸਤਾਵਿਤ ਪਰਵਾਸੀ ਭਾਰਤੀਆਂ ਨੂੰ ਵੋਟਿੰਗ ਦੇ ਅਧਿਕਾਰ ਹੋਣੇ ਚਾਹੀਦੇ ਹਨ। ਆਨਲਾਈਨ ਵੋਟਿੰਗ ਦੀ ਸਹੂਲਤ ਪ੍ਰਵਾਸੀ ਭਾਰਤੀਆਂ ਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਪਾਤਕਾਲੀਨ ਸਥਿਤੀ ਵਿੱਚ ਭਾਰਤੀਆਂ ਨੂੰ ਵਿਦੇਸ਼ਾਂ ਵਿੱਚੋਂ ਬਾਹਰ ਕੱਢਣ ਵਿੱਚ ਮਦਦ ਲਈ ਵਿਦੇਸਾਂ ਵਿੱਚ ਰਹਿ ਰਹੇ ਭਾਰਤੀਆਂ ਦੇ ਸਹੀ ਅਤੇ ਸਪਸ਼ਟ ਡਾਟਾ ਦੀ ਲੋੜ ਹੁੰਦੀ ਹੈ ਅਤੇ ਇਸ ਸਮੇਂ ਕੋਈ ਡਾਟਾ ਆਸਾਨੀ ਨਾਲ ਉਪਲੱਬਧ ਨਹੀਂ ਹੈ। ਉਨ੍ਹਾਂ ਅਪੀਲ ਕੀਤੀ ਕਿ ਵਿਦੇਸਾਂ ਵਿੱਚ ਭਾਰਤੀ ਮਿਸਨਾਂ ਨੂੰ ਭਾਰਤ ਦੇ ਨਾਗਰਿਕਾਂ ਦਾ ਸਹਿਰ ਅਨੁਸਾਰ ਡੇਟਾਬੇਸ ਰੱਖਣ ਲਈ ਕਿਹਾ ਜਾਵੇ।

ਹੋਰ ਅਹਿਮ ਮੁੱਦਿਆਂ ਬਾਰੇ ਗੱਲ ਕਰਦਿਆਂ ਸ਼੍ਰੀ ਧਾਲੀਵਾਲ ਨੇ ਕਿਹਾ ਕਿ ਵਿਆਹ ਸ਼ਾਦੀਆਂ ਨਾਲ ਸਬੰਧਤ ਮਾਮਲਿਆਂ ਵਿੱਚ ਧੋਖਾਧੜੀ ਦੀਆਂ ਘਟਨਾਵਾਂ ਨਿਯਮਿਤ ਤੌਰ 'ਤੇ ਰਿਪੋਰਟ ਕੀਤੀਆਂ ਜਾਂਦੀਆਂ ਹਨ। ਇਸ ਤੇ ਰੋਕ ਲਗਾਉਣ ਲਈ ਜਰੂਰੀ ਹੈ ਕਿ ਕਾਨੂੰਨ ਵਿੱਚ ਅਪਰਾਧੀਆਂ ਨੂੰ ਵਾਪਸ ਲਿਆਉਣ ਦਾ ਵਿਸ਼ੇਸ਼ ਉਪਬੰਧ ਕਰਵਾਇਆ ਜਾਵੇ। ਇਸੇ ਤਰ੍ਹਾਂ ਇੱਕ ਵਿਦੇਸੀ ਦੇਸ ਦੇ ਅਧਿਕਾਰ ਖੇਤਰ ਵਿੱਚ ਭਾਰਤੀ ਕੌਂਸਲੇਟਾਂ ਦੇ ਵੱਖ-ਵੱਖ ਸੇਵਾ ਦੇਣ ਦੇ ਨਿਯਮ ਹਨ। ਉਦਾਹਰਨ ਲਈ, ਵੈਨਕੂਵਰ ਕੌਂਸਲੇਟ ਜਨਰਲ ਦਫਤਰ ਨੂੰ ਅਸਲ ਪਾਸਪੋਰਟ ਜਮ੍ਹਾ ਕਰਵਾਉਣ ਦੀ ਲੋੜ ਹੁੰਦੀ ਹੈ ਜਦੋਂ ਕਿ ਟੋਰਾਂਟੋ ਦਫਤਰ ਅਜਿਹੀ ਮੰਗ ਨਹੀਂ ਕਰਦਾ। ਉਨ੍ਹਾਂ ਇਹ ਅਪੀਲ ਕੀਤੀ ਕਿ ਪਰਵਾਸੀ ਭਾਰਤੀਆਂ ਅਤੇ ਓਸੀਆਈਜ ਨੂੰ ਅਜਿਹੀ ਪਰੇਸਾਨੀਆਂ ਤੋਂ ਬਚਾਉਣ ਲਈ ਕਿਸੇ ਦੇਸ ਦੇ ਅੰਦਰ ਭਾਰਤੀ ਕੌਂਸਲੇਟਾਂ ਦੇ ਨਿਯਮਾਂ ਦੀ ਇਕਸਾਰਤਾ ਹੋਣੀ ਚਾਹੀਦੀ ਹੈ।

ਇਮੀਗ੍ਰੇਸ਼ਨ ਨਾਲ ਸਬੰਧਤ ਪਾਸਪੋਰਟ ਅਤੇ ਵੀਜਾ ਮੁੱਦਿਆਂ ਨੂੰ ਕਈ ਅਦਾਰਿਆਂ ਦੀ ਬਜਾਏ ਭਾਰਤ ਸਰਕਾਰ ਕੋਲ ਸਿੰਗਲ ਵਿੰਡੋ 'ਤੇ ਸਮਾਂਬੱਧ ਤਰੀਕੇ ਨਾਲ ਹੱਲ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਧੋਖੇਬਾਜ ਟਰੈਵਲ ਏਜੰਟਾਂ ਦੇ ਮਨਸੂਬਿਆਂ ਨੂੰ ਰੋਕਣ ਲਈ ਇੱਕ ਵਿਸੇਸ ਸੈੱਲ ਸਥਾਪਤ ਕੀਤਾ ਜਾ ਸਕਦਾ ਹੈ ਜੋ ਲੋਕਾਂ ਦੀ ਵਿਦੇਸਾਂ ਵਿੱਚ ਤਸਕਰੀ ਕਰਦੇ ਹਨ, ਅਤੇ ਫਿਰ ਉਹਨਾਂ ਨੂੰ ਅੱਧ ਵਿਚਕਾਰ ਛੱਡ ਦਿੰਦੇ ਹਨ। ਨਾਗਰਿਕਾਂ ਦੇ ਇਸ ਸੋਸਣ ਲਈ ਇਹਨਾਂ ਏਜੰਟਾਂ/ਏਜੰਸੀਆਂ ਲਈ ਸਖਤ ਸਜਾਵਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਮੰਦਭਾਗੀ ਘਟਨਾਵਾਂ ਵਿੱਚ ਪਰਵਾਸੀ ਭਾਰਤੀਆਂ ਦੇ ਮ੍ਰਿਤਕ ਸ਼ਰੀਰ ਨੂੰ ਦੇਸ ਵਾਪਸ ਲਿਆਉਣਾ ਪੈਂਦਾ ਹੈ। ਅਜਿਹੇ ਮ੍ਰਿਤਕ ਸ਼ਰੀਰ ਨੂੰ ਭਾਰਤ ਸਰਕਾਰ ਵੱਲੋਂ ਆਪਣੇ ਖਰਚੇ ਤੇ 24 ਘੰਟਿਆਂ ਦੇ ਅੰਦਰ ਵਾਪਸ ਲਿਆਉਣ ਦੀ ਵਿਵਸਥਾ ਕਰਨੀ ਚਾਹੀਦੀ ਹੈ ਅਤੇ ਇਸ ਸਬੰਧੀ ਰਸਮੀ ਕਾਰਵਾਈਆਂ ਨੂੰ ਬਾਅਦ ਵਿੱਚ ਵੀ ਨਜਿੱਠੀਆਂ ਜਾ ਸਕਦਾ ਹੈ।

ਸ਼੍ਰੀ ਧਾਲੀਵਾਲ ਨੇ ਦੱਸਿਆ ਕਿ ਸ਼੍ਰੀ ਮੁਰਲੀਧਰਨ ਵੱਲੋਂ ਇਨ੍ਹਾਂ ਸਾਰੇ ਮੁੱਦਿਆਂ ਦੇ ਹੱਲ ਲਈ ਉਸਾਰੂ ਹੁੰਘਾਰਾ ਦਿੱਤਾ ਗਿਆ ਅਤੇ ਹੋਰਨਾਂ ਮੰਤਰਾਲਿਆਂ ਨਾਲ ਸਬੰਧਤ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਵਿਚਾਰਨ ਲਈ ਵੀ ਭਰੋਸਾ ਦਿੱਤਾ ਗਿਆ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# " ਸ਼ਹੀਦ "

ਮੁਨਸ਼ੀ ਤੇ ਉਸਦੀ ਘਰਦੀ ਸ਼ਾਂਤੀ ਦੇ ਪੈਰ ਅੱਜ ਜਮੀਨ ਤੇ ਨ੍ਹੀਂ ਲੱਗ ਰਹੇ ਸੀ, ਲੱਗਣ ਵੀ ਕਿਵੇਂ ਸਬਜ਼ੀ ਦੀ ਰੇਹੜੀ ਲਾਉਣ ਵਾਲੇ ਮੁਨਸ਼ੀ ਦਾ ਹੋਣਹਾਰ ਪੁੱਤਰ ਵਿਨੋਦ ਅੱਜ ਸਰਕਾਰੀ ਮਾਸਟਰ ਜੋ ਲੱਗ ਗਿਆ ਸੀ। ਭਾਵੇਂ ਤਿੰਨ ਸਾਲਾਂ ਲਈ ਤਨਖਾਹ ਤਾਂ ਘੱਟ ਈ ਸੀ ਪਰ ਸਾਲਾਂ ਤੋਂ ਗਰੀਬੀ ਦਾ ਮਾਰੇ ਮਿਹਨਤੀ ਪਰਿਵਾਰ ਲਈ ਇਹ ਬਹੁਤ ਵੱਡੀ ਪ੍ਰਾਪਤੀ ਸੀ। ਹੋਣਹਾਰ ਵਿਨੋਦ ਨੇ ਆਪਣੀ ਸਾਰੀ ਪੜ੍ਹਾਈ ਸਰਕਾਰੀ ਸਕੂਲ, ਕਾਲਜ ਤੇ ਬਾਅਦ ਵਿੱਚ ਆਪਣੀ ਟਿਊਸ਼ਨ ਰਾਹੀਂ ਖਰਚਾ ਕੱਢ ਕੇ ਕੀਤੀ ਪਰ ਨੌਕਰੀ ਹਾਸਲ ਕਰਨ ਲਈ ਉਸਨੂੰ ਬਹੁਤ ਕਰੜੀ ਮਿਹਨਤ ਤੇ ਲੰਬਾ ਇੰਤਜ਼ਾਰ ਕਰਨਾ ਪਿਆ ਦਰਅਸਲ ਵਿਨੋਦ ਹੁਰੀਂ ਗਰੀਬ ਜਰੂਰ ਸਨ ਪਰ ਉਹਨਾਂ ਦੀ ਜਾਤ ਉੱਚੀ ਸੀ, ਜਿਸ ਕਰਕੇ ਉਹਨਾਂ ਨੂੰ ਦੋਹਰੀ ਮਾਰ ਪੈਂਦੀ ਸੀ, ਸਰਕਾਰੀ ਰਾਖਵੇਂ ਕੋਟੇ 'ਚ ਨਾ ਆਉਣ ਕਰਕੇ ਨੌਕਰੀ ਹਾਸਲ ਕਰਨਾ ਔਖਾ ਸੀ ਜਦਕਿ ਸਾਰੇ ਰਿਸ਼ਤੇਦਾਰ ਗਰੀਬੀ ਕਰਕੇ ਉਨਾਂ ਨਾਲ ਦੂਰੀ ਰੱਖਦੇ ਆਪਣੀ ਰਿਸ਼ਤੇਦਾਰੀ ਈ ਉਜਾਗਰ ਨਾ ਕਰਦੇ।

ਆਪਣੇ ਛੋਟੇ ਜਿਹੇ ਸ਼ਹਿਰ ਦੇ ਬਿਲਕੁੱਲ ਲਾਗੇ ਦੇ ਪਿੰਡ 'ਚ ਉਸਦੀ ਪੋਸਟਿੰਗ ਹੋ ਗਈ। ਦੇਖਦਿਆਂ ਈ ਤਿੰਨ ਸਾਲ ਨਿਕਲ ਗਏ ਤੇ ਵਿਨੋਦ ਪੂਰੀ ਤਨਖਾਹ ਆਲਾ ਪੱਕਾ ਮਾਸਟਰ ਬਣ ਗਿਆ। ਵਿਨੋਦ ਨੇ ਆਪਣੇ ਪਿਤਾ ਨੂੰ ਘਰ ਵਿੱਚ ਈ ਛੋਟੀ ਜਿਹੀ ਦੁਕਾਨ ਪਾ, ਰੇਹੜੀ ਤੋਂ ਖਹਿੜਾ ਛੁਡਵਾ ਦਿੱਤਾ। ਮੁੰਡਾ ਮਾਸਟਰ ਲੱਗ ਗਿਆ ਤਾਂ ਰਿਸ਼ਤੇਦਾਰ ਵੀ ਨੇੜੇ ਆਉਣ ਲੱਗ ਪਏ ਤੇ ਮਾਸਟਰਨੀਆਂ ਦੇ ਰਿਸ਼ਤੇ ਵੀ ਆਉਣ ਲੱਗ ਪਏ ਪਰ ਵਿਨੋਦ ਰੱਜੀ ਰੂਹ ਦਾ ਮਾਲਕ, ਬਹੁਤ ਹੀ ਭਾਵੁਕ ਇਨਸਾਨ ਸੀ, ਉਸਦੀ ਸੋਚ ਸੀ ਕਿ ਨੌਕਰੀਪੇਸ਼ਾ ਜੀਵਨਸਾਥੀ ਹੋਣ ਤੇ ਉਸਦੇ ਮਾਪਿਆਂ ਦੀ ਸੇਵਾ ਨਹੀਂ ਹੋ ਪਾਏਗੀ ਤੇ ਉਸਨੇ ਸ਼ਹਿਰ ਦੇ ਈ ਇਕ ਆਮ ਘਰ ਦੀ ਖੂਬਸੂਰਤ ਕੁੜੀ ਸੁਮਨ ਨਾਲ ਬਿਨਾਂ ਦਾਜ ਤੋਂ ਵਿਆਹ ਰਚਾ ਲਿਆ। ਸੁਮਨ ਬਚਪਨ ਤੋਂ ਹੀ ਭਾਵੁਕ ਘੱਟ ਤੇ ਵਿਹਾਰਕ ਵੱਧ ਸੀ, ਹਾਲਾਂਕਿ ਉਹ ਸੱਸ-ਸਹੁਰੇ ਦੀ ਪੂਰੀ ਇਜ਼ੱਤ ਕਰਦੀ ਤੇ ਵਿਨੋਦ ਪ੍ਰਤਿ ਵੀ ਪੂਰੀ ਤਰਾਂ ਨਾਲ ਸਮਰਪਿਤ ਬਹੁਤ ਸ਼ਰੀਫ, ਸਾਊ ਤੇ ਚਰਿੱਤਰਵਾਨ ਔਰਤ ਸੀ। ਉਸਨੇ ਵਿਨੋਦ ਨੂੰ ਨਵਾਂ ਘਰ ਪਾਉਣ ਲਈ ਕਿਹਾ ਤਾਂ ਵਿਨੋਦ ਨੇ ਸੁਮਨ ਦੇ ਨਾਂ ਪਲਾਟ ਖਰੀਦ, ਵੱਡਾ ਲੋਨ ਲੈ ਘਰ ਪਾਉਣਾ ਸ਼ੁਰੂ ਕਰ ਦਿੱਤਾ।

ਵਿਨੋਦ ਦਾ ਪੂਰਾ ਪਰਿਵਾਰ ਉਸ ਦਿਨ ਬਹੁਤ ਖੁਸ਼ ਸੀ, ਇਕ ਤਾਂ ਅੱਜ ਉਹਨਾਂ ਦਾ ਮਕਾਨ ਬਣਕੇ ਪੂਰੇ ਹੋ ਗਿਆ ਸੀ ਤੇ ਦੂਜੀ ਵੱਡੀ ਗੱਲ ਜੋ ਅੱਜ ਸਭ ਨੂੰ ਪਤਾ ਚੱਲੀ ਕੇ ਸੁਮਨ ਮਾਂ ਬਣਨ ਆਲੀ ਏ। ਦੇਰ ਰਾਤ ਰੋਟੀ ਖਾਣ ਤੋਂ ਬਾਅਦ ਵਿਨੋਦ ਤੇ ਸੁਮਨ ਆਇਸਕ੍ਰੀਮ ਖਾਣ ਪੈਦਲ ਈ ਬਜ਼ਾਰ ਆਲੇ ਪਾਸੇ ਨੂੰ ਚੱਲ ਪਏ। ਅੱਧੀਆਂ ਕੁ ਦੁਕਾਨਾਂ ਤਾਂ ਬੰਦ ਹੋ ਚੁੱਕੀਆਂ ਸਨ ਤੇ ਮੰਗਤ ਸਰਾਫ, ਜਿਸਦਾ ਘਰ ਨਾਲ ਈ ਗਲੀ 'ਚ ਸੀ, ਆਪਣਾ ਸ਼ੋਅਰੂਮ ਬੰਦ ਕਰ ਰਿਹਾ ਸੀ। ਮੰਗਤ ਰਾਮ ਦੇ ਹੱਥ 'ਚ ਨਕਦੀ ਤੇ ਸੋਨੇ ਆਲਾ ਬੈਗ ਸੀ, ਉਸਨੇ ਤਾਲੇ ਲਾਏ ਈ ਸਨ ਕਿ ਦੋ ਬਦਮਾਸ਼ ਆ ਕੇ ਮੰਗਤ ਤੋਂ ਬੈਗ ਖੋਹਣ ਲੱਗੇ, ਮੰਗਤ ਨੇ ਬੈਗ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਨੇ ਰਿਵਾਲਵਰ ਕੱਢ ਲਿਆ, ਵਿਨੋਦ ਨੇ ਵੇਖਿਆ ਤਾਂ ਉਹ ਬਜ਼ੁਰਗ ਦੀ ਮਦਦ ਲਈ ਨਿਹੱਥਾ ਈ ਬਦਮਾਸ਼ਾਂ ਨਾਲ ਭਿੜ ਗਿਆ। ਵਿਨੋਦ ਨੇ ਬਹਾਦਰੀ ਨਾਲ ਇਕ ਬਦਮਾਸ਼ ਨੂੰ ਦਬੋਚ ਲਿਆ ਤਾਂ ਦੂਜਾ ਘਬਰਾ ਗਿਆ ਤੇ ਉਸ ਨੇ ਗੋਲੀ ਚਲਾ ਦਿੱਤੀ, ਮੰਗਤ ਰਾਮ ਤੇ ਉਸਦਾ ਮਾਲ ਤਾਂ ਬੱਚ ਗਿਆ ਪਰ ਗੋਲੀ ਸਿੱਧੀ ਛਾਤੀ 'ਚ ਵੱਜਣ ਕਾਰਨ ਵਿਨੋਦ ਇਨਸਾਨੀਅਤ ਲਈ ਸ਼ਹੀਦ ਹੋ ਗਿਆ। ਮੁਨਸ਼ੀ, ਸ਼ਾਂਤੀ ਤੇ ਸੁਮਨ ਦਾ ਬੁਰਾ ਹਾਲ ਹੋ ਗਿਆ, ਉਹਨਾਂ ਦਾ ਪਰਿਵਾਰ ਉਜੜ ਗਿਆ। ਸ਼ਹਿਰਵਾਸੀਆਂ ਦੇ ਭਾਰੀ ਇਕੱਠ 'ਚ ਕੀਤੇ ਧਰਨੇ-ਪ੍ਰਦਰਸ਼ਨਾਂ ਦੇ ਦਬਾਅ ਕਾਰਨ ਬਦਮਾਸ਼ ਜਲਦੀ ਫੜੇ ਗਏ ਤੇ ਮੰਗਤ ਰਾਮ ਨੇ ਗਵਾਹ ਬਣਨ ਤੇ ਕੇਸ 'ਤੇ ਪੈਸੇ ਲਾ ਕੇ ਬਦਮਾਸ਼ਾਂ ਨੂੰ ਸਖਤ ਸਜਾ ਦਿਵਾਉਣ ਦਾ ਅਹਿਦ ਲਿਆ। ਦੋ ਚਾਰ ਦਿਨ ਤੱਕ ਹਰ ਪਾਸੇ, 'ਸ਼ਹੀਦ ਵਿਨੋਦ ਕੁਮਾਰ ਅਮਰ ਰਹੇ', ਵਿਨੋਦ ਤੇਰੀ ਸੋਚ ਤੇ,,,, ਦੇ ਨਾਹਰੇ ਗੂੰਜਦੇ ਰਹੇ।

ਸਾਰੇ ਜਖਮ ਸਮੇਂ ਦੇ ਨਾਲ ਨ੍ਹੀਂ ਭਰਦੇ ਹੁੰਦੇ, ਬਸ ਬੰਦੇ ਦੀ ਦਰਦ ਸਹਿਣ ਦੀ ਸਮਰੱਥਾ ਵੱਧ ਜਾਂਦੀ ਏ। ਮਾਪਿਆਂ ਨੂੰ ਥੋੜੀ ਜਿਹੀ ਸ਼ਾਂਤੀ ਮਿਲੀ, ਜਦੋਂ ਕੁੱਝ ਮਹੀਨਿਆਂ ਬਾਅਦ ਸੁਮਨ ਨੇ ਚੰਨ੍ਹ ਵਰਗੇ ਮੁੰਡੇ ਨੂੰ ਜਨਮ ਦਿੱਤਾ ਤੇ ਵਿਨੋਦ ਦੇ ਅਧਿਆਪਕ ਦੋਸਤਾਂ ਦੀ ਕੋਸ਼ਿਸ਼ਾਂ ਸਦਕਾ ਸੁਮਨ ਨੂੰ ਤਰਸ ਦੇ ਆਧਾਰ ਤੇ ਆਪਣੇ ਪਤੀ ਦੀ ਥਾਂ ਤੇ ਸ਼ਹਿਰ ਦੇ ਈ ਸਕੂਲ 'ਚ ਸਰਕਾਰੀ ਅਧਿਆਪਕਾ ਦੀ ਨੌਕਰੀ ਮਿਲ ਗਈ। ਵਿਹਾਰਕ ਸੁਭਾਅ ਦੀ ਸੁਮਨ ਨੌਕਰੀ ਲੱਗਦਿਆਂ ਈ, ਹੋਰ ਵੀ ਵਿਹਾਰਕ ਹੋ ਗਈ। ਉਹ ਆਪਣੇ ਸਹੁਰਿਆਂ ਦੀ ਥਾਂ ਮਾਪਿਆਂ ਦੇ ਘਰ ਈ ਰਹਿਣ ਲੱਗ ਪਈ ਤੇ ਵਿਨੋਦ ਦੇ ਨਵੇਂ ਬਣਾਏ ਘਰ ਨੂੰ ਉਸਨੇ ਕਿਰਾਏ ਤੇ ਦੇ ਦਿੱਤਾ। ਉਸਨੇ ਆਪਣੀ ਤਨਖਾਹ ਚੋਂ ਆਪਣੇ ਸੱਸ-ਸਹੁਰੇ ਨੂੰ ਕੁੱਝ ਵੀ ਦੇਣਾ ਬੰਦ ਕਰ ਦਿੱਤਾ, ਉਸਦਾ ਕਹਿਣਾ ਸੀ ਕਿ ਉਹ ਤਾਂ ਆਪਣੇ ਨਵੇਂ ਘਰ ਦੀਆਂ ਕਿਸ਼ਤਾਂ ਵੀ ਔਖੀ ਈ ਭਰ ਰਹੀ ਏ, ਜੋ ਕਿ ਸੱਚ ਵੀ ਸੀ। ਵਿਨੋਦ ਦੇ ਮਾਪੇ ਰੋਟੀ ਦੇ ਨਾਲ-ਨਾਲ ਆਪਣੇ ਪੋਤੇ ਨੂੰ ਮਿਲਣ ਤੋਂ ਵੀ ਤਰਸਦੇ ਰਹਿੰਦੇ। ਮੁਨਸ਼ੀ ਤੇ ਸ਼ਾਂਤੀ ਨੂੰ ਇਕੋ ਦਿਨ ਦੋ ਵੱਡੇ ਝਟਕੇ ਲੱਗੇ, ਧਮਕੀਆਂ ਤੋਂ ਡਰਕੇ ਮੰਗਤ ਸਰਾਫ ਦੇ ਪਰਿਵਾਰ ਨੇ ਮੰਗਤ ਨੂੰ ਗਵਾਹੀ ਤੋਂ ਮੁਕਰਾ ਕੇ ਬਦਮਾਸ਼ਾਂ ਨਾਲ ਸਮਝੌਤਾ ਕਰ ਉਹਨਾਂ ਨੂੰ ਬਰੀ ਕਰਵਾ ਦਿੱਤਾ ਤੇ ਦੂਜਾ ਝਟਕਾ ਤਾਂ ਹੋਰ ਵੀ ਵੱਡਾ ਸੀ, ਸੁਮਨ ਦੇ ਪੇਕਿਆਂ ਨੇ ਇਕ ਤਲਾਕਸ਼ੁਦਾ ਥਾਣੇਦਾਰ ਨਾਲ ਉਸਦਾ ਵਿਆਹ ਕਰਵਾ ਦਿੱਤਾ।

ਮੁਨਸ਼ੀ ਤੇ ਸ਼ਾਂਤੀ ਜਦੋਂ ਆਪਣੇ ਪੋਤੇ ਨੂੰ ਮਿਲਣ ਗਏ ਤਾਂ ਥਾਣੇਦਾਰ ਨੇ ਉਹਨਾਂ ਨੂੰ ਧੱਕੇ ਮਾਰ ਜਲੀਲ ਕਰ ਘਰੋਂ ਕੱਢ ਦਿੱਤਾ, ਉਸੇ ਰਾਤ ਸ਼ਾਂਤੀ ਹਾਰਟ ਫੇਲ ਨਾਲ ਪੂਰੀ ਹੋ ਗਈ। ਮੁਨਸ਼ੀ ਨੂੰ ਜਿਆਦਾ ਦੁੱਖ ਨ੍ਹੀਂ ਹੋਇਆ, ਸ਼ਾਇਦ ਉਸਨੂੰ ਪਤਾ ਲੱਗ ਗਿਆ ਸੀ ਕਿ ਸ਼ਾਂਤੀ ਨੂੰ ਸ਼ਾਂਤੀ ਮਿਲ ਗਈ ਏ ਪਰ ਉਸਦਾ ਦਿਮਾਗੀ ਸੰਤੁਲਨ ਵਿਗੜ ਗਿਆ, ਉਹ ਵਿਨੋਦ ਦੀ ਫੋਟੋ ਹੱਥ 'ਚ ਲੈ ਕੇ ਕਦੇ ਜੋਰ ਨਾਲ ਹੱਸਦਿਆਂ, ਕਦੇ ਰੋਂਦਿਆਂ ''ਮੈਂ ਸ਼ਹੀਦ ਦਾ ਪਿਓ ਹਾਂ'' ਬੋਲਦੇ ਹੋਏ ਬਾਜ਼ਾਰ 'ਚ ਫਿਰਦਾ ਰਹਿੰਦਾ। ਥਾਣੇਦਾਰ ਸਾਬ੍ਹ ਦੇ ਵਿਅਸਤ ਹੋਣ ਕਾਰਨ ਉਸ ਦਿਨ ਸੁਮਨ ਆਪਣੀ ਏਕਟਿਵਾ ਤੇ ਤੀਜੀ 'ਚ ਪੜ੍ਹਦੇ ਬੇਟੇ ਨੂੰ ਲੈ ਕੇ ਬਾਜ਼ਾਰ ਆਈ ਸੀ। ਇਕਦਮ ਅਫਰਾ-ਤਫਰਾ ਮੱਚ ਗਈ, ਕੋਈ ਗੱਡੀ ਥੱਲੇ ਆ ਗਿਆ ਸੀ। ਸੁਮਨ ਵੀ ਬੇਟੇ ਨੂੰ ਨਾਲ ਲੈ ਭੀੜ ਵੱਲ ਵਧੀ ਤਾਂ ਮੁਨਸ਼ੀ ਆਖਰੀ ਸਾਹਾਂ ਤੇ ਸੀ, ਕੋਲ ਹੀ ਡਿੱਗੀ ਵਿਨੋਦ ਦੀ ਫੋਟੋ ਮੰਗਤ ਦੇ ਲਹੂ ਕਾਰਨ ਲਾਲ ਹੋ ਗਈ ਸੀ। ਮਰਦਾ-ਮਰਦਾ ਹੱਸ ਕੇ ਇੰਨਾ ਈ ਬੋਲਿਆ, "ਮੈਂ ਸ਼ਹੀਦ ਦਾ ਪਿਓ,,,,,,, ,,,,,"! ਭੀੜ 'ਚ ਖੜ੍ਹੇ ਮੰਗਤ ਸਰਾਫ ਨੂੰ ਸਰਦੀ 'ਚ ਵੀ ਇਕਦਮ ਪਸੀਨਾ ਗਿਆ, ਗੋਲਡ ਫਲੈਕ ਸਿਗਰਟ ਸੁਲਗਾ ਆਪਣੀ ਦੁਕਾਨ ਵੱਲ ਜਾਂਦਾ ਭੀੜ ਨੂੰ ਕਹਿੰਦਾ, "ਯਾਰ, ਬੰਦਾ ਤਾਂ ਠੀਕ ਈ ਸੀ ਬਸ ਪਾਗਲ ਹੋ ਗਿਆ ਸੀ"। ਭੀੜ ਚੋਂ ਹੱਟਦਿਆਂ ਸੁਮਨ ਦੇ ਬੇਟੇ ਨੇ ਸੁਮਨ ਨੂੰ ਪੁੱਛਿਆ, "ਮੰਮਾ, ਯੇ ਸ਼ਹੀਦ ਕੌਨ ਹੋਤੇ ਹੈਂ" ? ਸੁਮਨ ਨੇ ਬੇਟੇ ਦੀ ਸ਼ੰਕਾ ਦੂਰ ਕਰਦਿਆਂ ਕਿਹਾ, "ਸੁਨਾ ਨਹੀਂ, ਵੋ ਅੰਕਲ ਕਯਾ ਕਹਿ ਰਹੇ ਥੇ, ਪਾਗਲ ਹੋਤੇ ਹੈਂ"।

*-ਅਸ਼ੋਕ ਸੋਨੀ*
*ਪਿੰਡ ਖੂਈ ਖੇੜਾ, ਫਾਜ਼ਿਲਕਾ*
*9872705078*

# ਡਾਹਢੇ ਦਾ ਸੱਤੀਂ ਵੀਹੀਂ ਸੌ





ਸਿਆਣਿਆਂ ਦੀ ਇਹ ਕਹਾਵਤ ਅੱਜ ਯੂਕਰੇਨ - ਰੂਸ ਯੁੱਧ ਬਾਬਤ ਸ਼ਕਤੀਸ਼ਾਲੀ ਤੇ ਪ੍ਰਬਲ ਪ੍ਰਮਾਣੂ ਸਮਰੱਥ ਦੇਸ਼ ਰੂਸ 'ਤੇ ਪੂਰੀ ਤਰ੍ਹਾਂ ਢੁੱਕਦੀ ਹੈ , ਜਿਸ ਨੇ ਵਿਸ਼ਵ ਪੱਧਰੀ ਸੰਸਥਾਵਾਂ ਵੱਲੋਂ ਸਮਝਾਉਣ ਤੇ ਯੁੱਧ ਰੋਕ ਦੇਣ ਸੰਬੰਧੀ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਯੂਕਰੇਨ ਵਿਰੁੱਧ ਯੁੱਧ ਜਾਰੀ ਰੱਖਿਆ ਹੋਇਆ ਹੈ। ਇਸ ਖਤਰਨਾਕ ਯੁੱਧ ਵਿੱਚ ਘਾਤਕ ਹਥਿਆਰਾਂ ਦੀ ਵਰਤੋਂ ਹੋ ਰਹੀ ਹੈ। ਵਾਤਾਵਰਣ 'ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਕੀਮਤੀ ਮਨੁੱਖੀ ਜ਼ਿੰਦਗੀਆਂ ਖ਼ਤਮ ਹੋ ਰਹੀਆਂ ਹਨ। ਯੁੱਧ ਅਮੀਰ - ਗਰੀਬ , ਵੱਡੇ - ਛੋਟੇ ਜਾਂ ਕਾਲ਼ੇ - ਗੋਰੇ ਨੂੰ ਨਹੀਂ ਦੇਖਦਾ। ਯੁੱਧ ਕੇਵਲ ਤਬਾਹੀ ਲਿਆਉਂਦਾ ਹੈ ; ਜਿਸ ਦੀ ਭਰਪਾਈ/ਪੂਰਤੀ ਸ਼ਾਇਦ ਕਈ ਦਹਾਕਿਆਂ ਤੱਕ ਵੀ ਨਾ ਹੋਵੇ। ਖ਼ਤਰਾ ਇਹ ਵਧ ਰਿਹਾ ਹੈ ਕਿ ਕਿਸੇ ਗ਼ਲਤਫਹਿਮੀ ਜਾਂ ਗ਼ਲਤੀ ਨਾਲ਼ ਦੋ ਦੇਸ਼ਾਂ ਵਿੱਚ ਹੋ ਰਿਹਾ ਯੁੱਧ ਬੇਕਸੂਰ ਲੋਕਾਂ ਦੀ ਜਾਨ ਦਾ ਖੌਅ ਬਣ ਕੇ ਕਿਤੇ ਤੀਸਰੇ ਸੰਸਾਰ ਯੁੱਧ ਵਿੱਚ ਤਬਦੀਲ ਨਾ ਹੋ ਜਾਵੇ ; ਜੋ ਕੇ ਮਾਨਵ ਇਤਿਹਾਸ ਵਿੱਚ ਅੱਜ ਤੱਕ ਦੀ ਸਭ ਤੋਂ ਵੱਡੀ ਤਰਾਸਦੀ ਹੋਵੇਗੀ। ਸ਼ਕਤੀਸ਼ਾਲੀ ਦੇਸ਼ ਰੂਸ ਨੂੰ ਯੂਕਰੇਨ ਨਾਲ਼ ਸੰਜਮ ਨਾਲ਼ ਤੇ ਗੱਲਬਾਤ ਰਾਹੀਂ ਆਪਣੇ ਮੱਤਭੇਦ ਦੂਰ ਕਰ ਕੇ ਦੋਵਾਂ ਦੇਸ਼ਾਂ ਨੂੰ ਅਜਿਹੇ ਆਪਸੀ ਮੱਤਭੇਦਾਂ ਨੂੰ ਜਲਦੀ ਤੋਂ ਜਲਦੀ ਹੱਲ ਕਰ ਲੈਣ ਨੂੰ ਮਾਨਵਤਾ ਦੇ ਹਿੱਤ ਲਈ ਤਰਜੀਹ ਦੇਣੀ ਚਾਹੀਦੀ ਹੈ ; ਕਿਉਂਕਿ ਯੁੱਧ ਕਿਸੇ ਵੀ ਸਮੱਸਿਆ , ਕਿਸੇ ਵੀ ਮੱਤਭੇਦ ਜਾਂ ਕਿਸੇ ਵੀ ਗ਼ਲਤਫਹਿਮੀ ਦਾ ਕਦੇ ਹੱਲ ਨਹੀਂ ਹੁੰਦਾ। ਯੁੱਧ ਹਮੇਸ਼ਾ ਇਨਸਾਨੀਅਤ , ਪਸ਼ੂ - ਪਰਿੰਦਿਆਂ , ਜਲ - ਥਲ , ਵਾਤਾਵਰਨ , ਕਲਾ , ਕੋਮਲ ਕਲਾਵਾਂ ਆਦਿ ਸਭ ਦੇ ਲਈ ਘਾਤਕ ਸਾਬਤ ਹੁੰਦੇ ਆਏ ਹਨ। ਯੁੱਧ ਸਾਨੂੰ ਦੁੱਖ ਦੇ ਕੇ ਹੀ ਜਾਂਦਾ ਹੈ ਤੇ ਸਾਡੀਆਂ ਖ਼ੁਸ਼ੀਆਂ ਸਾਡੇ ਪਾਸੋਂ ਖੋਹ ਲੈਂਦਾ ਹੈ। ਇਸ ਗੱਲ ਦਾ ਅਨੁਭਵ ਅੱਜ ਯੁੱਧ ਤੋਂ ਪੀੜ੍ਹਤ ਲੋਕ ਤੇ ਯੂਕਰੇਨ ਵਾਸੀ ਕਰ ਰਹੇ ਹਨ। ਦੋਵੇਂ ਦੇਸ਼ਾਂ ਦੇ ਸ਼ਹੀਦ ਹੋ ਰਹੇ ਫ਼ੌਜੀਆਂ ਦੇ ਪਰਿਵਾਰਾਂ ਨੂੰ ਵੀ ਯੁੱਧ ਦਾ ਸੇਕ ਪਹੁੰਚ ਰਿਹਾ ਹੈ। ਅੱਜ ਰੂਸ ਜਿਹੇ ਸ਼ਕਤੀ ਸੰਪੰਨ ਦੇਸ਼ ਨੂੰ ਯੁੱਧ ਬੰਦ ਕਰ ਦੇਣ ਨੂੰ ਤਰਜੀਹ ਦੇਣੀ ਬਣਦੀ ਹੈ ਤੇ ਮਾਨਵਤਾ ਦੇ ਹਿਤੈਸ਼ੀ ਹੋਣ ਦਾ ਸਬੂਤ ਦੇ ਕੇ ਵਿਸ਼ਵ ਸ਼ਾਂਤੀ , ਵਿਸ਼ਵ ਭਾਈਚਾਰੇ ਅਤੇ ਵਿਸ਼ਵ ਸੰਗਠਨਾਂ ਦੀ ਮਹਾਨਤਾ ਨੂੰ ਕਾਇਮ ਰੱਖਣਾ ਚਾਹੀਦਾ ਹੈ। ਕਿਸੇ ਲਈ ਨਾ ਸਹੀ , ਪਰ ਮਾਨਵਤਾ ਲਈ ਤਾਂ ਇਹ ਯੁੱਧ ਰੁਕ ਜਾਵੇ। ਪਰ ਕਹੇ ਕੌਣ ; ਕਿਉਂਕਿ ਡਾਹਢੇ ਦਾ ਸੱਤੀਂ ਵੀਹੀਂ ਸੌ....

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

## ਹਲਕਾ-ਫੁਲਕਾ

ਰੇਲ ਦੇ ਸਫਰ ਦੌਰਾਨ ਇਕ ਔਰਤ ਦੀ ਛੋਟੀ ਉਂਗਲੀ ਕੱਟੀ ਗਈ। ਉਸ ਨੇ ਰੇਲਵੇ ਤੋਂ ਪੰਜਾਹ ਹਜ਼ਾਰ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ।
ਜੱਜ ਨੇ ਪੁੱਛਿਆ, "ਇੱਕ ਛੋਟੀ ਜਿਹੀ ਉਂਗਲੀ ਲਈ ਇੰਨਾ ਵੱਡਾ ਜੁਰਮਾਨਾ?"
ਔਰਤ, "ਇਹ ਜੁਰਮਾਨਾ ਬਹੁਤ ਘੱਟ ਹੈ ਜੱਜ ਸਾਹਿਬ। ਇਸੇ ਨਾਲ ਤਾਂ ਮੈਂ ਆਪਣੇ ਪਤੀ ਨੂੰ ਨਚਾਉਂਦੀ ਸੀ।"

*******

ਲੜਕੀ ਆਪਣੇ ਅੰਨ੍ਹੇ ਦੋਸਤ ਨੂੰ, "ਕਾਸ਼! ਤੂੰ ਦੇਖ ਸਕਦਾ ਕਿ ਮੈਂ ਕਿੰਨੀ ਖ਼ੂਬਸੂਰਤ ਹਾਂ।"
ਅੰਨ੍ਹਾ ਦੋਸਤ, "ਇੰਨੀ ਖ਼ੂਬਸੂਰਤ ਹੁੰਦੀ ਤਾਂ ਕੀ ਅੱਖਾਂ ਵਾਲੇ ਮੇਰੇ ਲਈ ਛੱਡ ਜਾਂਦੇ।"

*******

ਸਮਾਜਕ ਦੀ ਅਧਿਆਪਕ, "ਮੁਗਲ-ਏ-ਆਜ਼ਮ ਅਕਬਰ ਨੇ ਕਦੋਂ ਤੱਕ ਰਾਜ ਕੀਤਾ?"
ਬੱਚਾ ਖੜ੍ਹਾ ਹੋ ਕੇ ਬੋਲਿਆ, "ਸਰ ਜੀ, ਪੇਜ ਨੰਬਰ 15 ਤੋਂ 26 ਤੱਕ।"

## ਮਿੰਨੀ ਕਹਾਣੀਆਂ

### ਨਵਾਂ ਸਵੇਰਾ

-ਮੁਕੇਸ਼ ਕੁਮਾਰ ਰਿਸ਼ੀ ਵਰਮਾ

ਉਹ ਸੌਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਨੀਂਦ ਉਸ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਉਸ ਦੀ ਬੇਚੈਨੀ ਉਸ ਦੇ ਦਿਲ ਵਿੱਚ ਘਬਰਾਹਟ ਪੈਦਾ ਕਰ ਰਹੀ ਸੀ। ਉਸ ਦਾ ਬਲੱਡ ਪ੍ਰੈਸ਼ਰ ਲਗਤਰ ਵਧ ਘੱਟ ਰਿਹਾ ਸੀ। ਉਸ ਨੂੰ ਅਣਹੋਣੀ ਦਾ ਖਦਸ਼ਾ ਹੋਇਆ। ਲੱਗਿਆ ਕਿ ਹਾਰਟ ਅਟੈਕ ਆਉਣ ਵਾਲਾ ਹੈ ਅਤੇ ਉਹ ਅੱਖਾਂ ਬੰਦ ਕਰ ਕੇ ਇੱਕ ਪਾਸੇ ਪੈ ਗਿਆ...।
ਬੇਹੋਸ਼ੀ ਤੋਂ ਬਾਹਰ ਨਿਕਲਿਆ ਤਾਂ ਦੇਖਿਆ ਕਿ ਪਤਨੀ ਉਸ ਨੂੰ ਹੱਥ ਨਾਲ ਪੱਖੀ ਝੱਲ ਰਹੀ ਹੈ ਅਤੇ ਛਾਤੀ ਉੱਤੇ ਮਾਲਿਸ਼ ਵੀ ਕਰ ਰਹੀ ਹੈ। ਪਤਨੀ ਦਾ ਮੁਸਕਰਾਉਂਦਾ ਚਿਹਰਾ ਉਸ ਨੂੰ ਦਿੱਸਿਆ। ਉਹ ਇਕਦਮ ਸ਼ਾਂਤ ਸੀ।
"ਤੁਸੀਂ ਪੁਰਾਣੀਆਂ ਗੱਲਾਂ ਭੁੱਲ ਕਿਉਂ ਨਹੀਂ ਜਾਂਦੇ, ਉਸ ਨੇ ਸਿਰਫ ਸਾਡੇ ਕੁਝ ਰੁਪਏ ਖਾਧੇ ਹਨ। ਸਾਡੀ ਕਿਸਮਤ ਸਾਡੇ ਕੋਲ ਹੈ, ਜੋ ਵਰਤਮਾਨ ਵਿੱਚ ਸਾਡੇ ਕੋਲ ਬਚਿਆ ਹੈ, ਅਸੀਂ ਉਸ ਵਿੱਚ ਗੁਜ਼ਾਰਾ ਕਰ ਲਵਾਂਗੇ। ਜੋ ਬੀਤ ਗਿਆ ਹੈ, ਉਹ ਵਾਪਸ ਕਦੇ ਨਹੀਂ ਆਵੇਗਾ। ਉਹ ਗੁਆਚੀ ਹੋਈ ਜਾਇਦਾਦ ਹੈ, ਉਸ ਨੂੰ ਭੁੱਲ ਜਾਓ।"
ਪਤਨੀ ਦੀਆਂ ਗੱਲਾਂ ਸੁਣ ਕੇ ਉਸ ਨੂੰ ਨਵੀਂ ਊਰਜਾ ਦਾ ਅਹਿਸਾਸ ਹੋਇਆ। ਉਸ ਦਾ ਮਨ ਹਲਕਾ ਹੋ ਗਿਆ। ਉਸ ਦੀ ਚਿੰਤਾ ਹਵਾ ਹੋ ਗਈ। ਉਸ ਨੇ ਪ੍ਰਣ ਕਰ ਲਿਆ ਕਿ ਪੁਰਾਣੀਆਂ ਗੱਲਾਂ ਭੁੱਲ ਜਾਏਗਾ, ਮਿਹਨਤ ਕਰੇਗਾ ਅਤੇ ਪ੍ਰਮਾਤਮਾ ਵਿੱਚ ਅਟੁੱਟ ਵਿਸ਼ਵਾਸ ਰੱਖੇਗਾ।ਸਮਾਂ ਆਉਣ ਉੱਤੇ ਕਿਸਮਤ ਉਸ ਦੀਆਂ ਸਮੱਸਿਆਵਾਂ ਦਾ ਹੱਲ ਖੁਦ ਹੀ ਕਰ ਦੇਵੇਗੀ। ਜਦੋਂ ਜਿਊਣ ਦਾ ਕੋਈ ਬਦਲ ਬਾਕੀ ਨਾ ਬਚੇ ਤਾਂ ਸਾਰਾ ਭਾਰ ਪ੍ਰਮਾਤਮਾ ਉੱਤੇ ਛੱਡ ਦੇਣਾ ਚਾਹੀਦਾ ਹੈ...। ਨਿਸ਼ਚਿਤ ਹੀ ਇੱਕ ਨਵਾਂ ਸਵੇਰਾ ਹੋਵਗਾ।

### ਅਸਲ ਜ਼ਿੰਦਗੀ

-ਜਗਰੂਪ ਸਿੰਘ ਗਿੱਲ

ਉਸ ਨੇ ਸ਼ੀਸ਼ੇ ਵਿੱਚ ਢਲਦੀ ਉਮਰ ਦੇਖ ਕੇ ਫੈਸਲਾ ਕੀਤਾ ਕਿ ਇਕੱਠੀ ਕੀਤੀ ਦੌਲਤ ਦਾ ਆਨੰਦ ਮਾਨਣਾ ਸ਼ੁਰੂ ਕੀਤਾ ਜਾਵੇ। ਇਹ ਸਭ ਸੋਚ ਹੀ ਰਿਹਾ ਸੀ ਕਿ ਅਚਾਨਕ ਬੂਹਾ ਖੜਕਿਆ।ਦੋ ਅਣਜਾਣ ਚਿਹਰੇ ਅੰਦਰ ਦਾਖਲ ਹੋਏ। ਕਹਿੰਦੇ: ਬਾਪੂ ਜੀ, ਚਲੋ, ਤੁਹਾਡਾ ਟਾਈਮ ਪੂਰਾ ਹੋ ਗਿਆ, ਤੁਰੋ ਸਾਡੇ ਨਾਲ।
ਕਹਿੰਦਾ: ਅਜੇ ਤਾਂ ਮਰ-ਮਰ ਕੇ ਇਕੱਠੀ ਕੀਤੀ ਦੌਲਤ ਦਾ ਆਨੰਦ ਵੀ ਨਹੀਂ ਮਾਣਿਆ।
ਉਹ ਕਹਿੰਦੇ: ਤੁਹਾਡੀ ਇੱਕ ਗਲਤੀ ਲਈ ਅਸੀਂ ਜ਼ਿੰਮੇਵਾਰ ਨਹੀਂ।
ਉਹ ਥੋੜ੍ਹਾ ਸਹਿਮ ਗਿਆ...।
ਕਹਿੰਦਾ, ਤਿੰਨ ਕੁ ਸਾਲ ਹੋਰ ਦੇ ਦਿਓ, ਕਿਸੇ ਤਰ੍ਹਾਂ।
ਕਹਿੰਦੇ: ਨਹੀਂ...।
ਇੱਕ ਦੇ ਗੋਡੇ ਫੜ ਲਏ: ਤਿੰਨ ਮਹੀਨੇ ਹੀ ਦੇ ਦਿਓ, ਮਿਲ ਤਾਂ ਆਵਾਂ ਸੱਜਣ ਬੇਲੀਆਂ ਨੂੰ।
ਉਹ ਕਹਿੰਦੇ: ਕੋਈ ਗੁੰਜਾਇਸ਼ ਨਹੀਂ।
ਇਹ ਸੁਣ ਉਸ ਦਾ ਰੋਣਾ ਨਿਕਲ ਗਿਆ। ਸਾਰੀ ਜ਼ਿੰਦਗੀ ਦੀ ਕਮਾਈ ਲਿਆ, ਉਸ ਨੇ, ਉਨ੍ਹਾਂ ਦੇ ਮੂਹਰੇ ਢੇਰੀ ਕਰ ਦਿੱਤੀ।ਕਹਿੰਦਾ: ਰੱਬ ਦਾ ਵਾਸਤਾ, ਤਿੰਨ ਮਿੰਟ ਹੀ ਦੇ ਦਿਓ, ਇਸ ਸਾਰੀ ਦੌਲਤ ਦੇ ਬਦਲੇਬੱਚਿਆਂ ਲਈ ਇੱਕ ਸੁਨੇਹਾ ਲਿਖਣਾਕਾਗਜ਼ ਉੱਤੇ...।
ਇੱਕ ਨੂੰ ਤਰਸ ਆ ਗਿਆ, ਕਹਿੰਦਾ: ਇਹ ਢੇਰੀ ਕੀਤੀ ਦੌਲਤ ਸਾਡੇ ਕਿਸੇ ਕੰਮ ਦੀ ਨਹੀਂ, ਫੇਰ ਵੀਰੱਬ ਦਾ ਵਾਸਤਾ ਪਾਇਆ ਹੈ, ਜਾਹ ਦਿੱਤੇ ਤਿੰਨ ਮਿੰਟ, ਤੂੰ ਵੀ ਕੀ ਯਾਦ ਕਰੇਂਗਾ, ਲਿਖ ਲੈਜੋ ਲਿਖਣਾ...।
ਛੇਤੀ ਾਨਲ ਕਾਗਜ਼ ਕੱਢਿਆ, ਕੁਝ ਲਿਖਿਆ, ਉਸ ਕਾਗਜ਼ ਨੂੰ ਟੇਬਲ ਉੱਤੇ ਰੱਖ ਕੇ ਜਹਾਨ ਨੂੰ ਅਲਵਿਦਾ ਕਹਿ ਗਿਆ। ਕਾਗਜ਼ ਉੱਤੇ ਲਿਖਿਆ ਸੀ...
ਬੱਚਿਓ, ਜ਼ਿੰਦਗੀ ਵਿੱਚ ਕਦੇ ਕਿਸੇ ਵੱਡੀ ਖੁਸ਼ੀ ਦੀ ਉਡੀਕ ਵਿੱਚ ਨਿੱਕੀਆਂ ਖੁਸ਼ੀਆਂ ਕੁਰਬਾਨ ਨਾ ਕਰਿਓ, ਨਹੀਂ ਤਾਂ ਮੇਰੇ ਵਰਗਾ ਹਾਲ ਹੋਊ। ਮੈਂ ਬਦਕਿਸਮਤਸੌਂ ਪਾਪੜ ਵੇਲ ਕਮਾਈ ਇਸ ਦੌਲਤ ਨਾਲ ਜ਼ਿੰਦਗੀ ਦੇ ਤਿੰਨ ਮਿੰਟ ਵੀ ਨਾ ਖਰੀਦ ਸਕਿਆ।ਵਰਤਮਾਨ ਵਿੱਚ ਰਹਿ ਕੇ, ਹੱਸਦਿਆਂ ਖੇਡਦਿਆਂ, ਖੁੱਲ੍ਹ ਕੇ ਬਿਤਾਇਆ ਹੋਇਆ ਹਰ ਦਿਨ ਹੀ ਪੂਰੀ ਜ਼ਿੰਦਗੀ ਹੈ।ਬਾਕੀ ਸਭ, ਕੰਧ ਉੱਤੇ ਟੰਗੇ ਕੈਲੰਡਰ ਦੀਆਂ ਲੰਘ ਚੁੱਕੀਆਂ ਤੇ ਆਉਣ ਵਾਲੀਆਂ ਤਰੀਕਾਂ ਹੀ ਹਨ।

# ਧਰਤੀ ਨੂੰ ਬਚਾਉਣ ਲਈ ਚੁਣੌਤੀ



ਭਾਰਤ ਉਨ੍ਹਾਂ ਇੱਕ ਸੌ 75 ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਮਤਾ ਪਾਸ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਲਿਆਂਦਾ ਗਿਆ ਇਹ ਮਤਾ ਕਮਜ਼ੋਰ ਸੀ ਕਿਉਂਕਿ ਇਸ ਨੇ ਹਰੇਕ ਦੇਸ਼ ਨੂੰ ਆਪਣੇ ਟੀਚੇ ਤੈਅ ਕਰਨ ਦੀ ਆਜ਼ਾਦੀ ਦਿੱਤੀ ਸੀ। ਇਹ ਵੀ ਕਿਹਾ ਗਿਆ ਕਿ ਵਿਕਾਸ ਨੀਤੀਆਂ ਦੇ ਮੱਦੇਨਜ਼ਰ ਕੋਈ ਹੋਰ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ।

ਕੁਝ ਸਮਾਂ ਪਹਿਲਾਂ ਆਈ ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਕਰਾਈਸਿਸ (ਆਈ.ਪੀ.ਸੀ.ਸੀ.) ਦੀ ਰਿਪੋਰਟ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਧਰਤੀ ਦੇ ਹੋਰ ਤਪਸ਼ ਨੂੰ ਰੋਕਣ ਲਈ ਜੋ ਉਪਾਅ ਕੀਤੇ ਜਾਣੇ ਸਨ, ਅਸੀਂ ਉਨ੍ਹਾਂ ਵਿਚ ਅਸਫਲ ਰਹੇ ਹਾਂ। ਪੈਰਿਸ ਸਮਝੌਤੇ ਅਨੁਸਾਰ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣੇ ਸਨ ਕਿ ਧਰਤੀ ਦਾ ਤਾਪਮਾਨ ਡੇਢ ਤੋਂ ਦੋ ਡਿਗਰੀ ਤੱਕ ਹੋਰ ਨਾ ਵਧੇ। ਇਸ ਦੇ ਲਈ ਕਈ ਦੇਸ਼ਾਂ ਨੂੰ ਅਜਿਹੇ ਉਪਾਅ ਕਰਨੇ ਪਏ, ਜਿਸ ਨਾਲ ਤਾਪਮਾਨ ਵਧਣ ਤੋਂ ਰੋਕਿਆ ਜਾ ਸਕੇ।

ਪਰ ਹੁਣ ਤੱਕ ਇਸ ਦਿਸ਼ਾ ਵਿੱਚ ਕੋਈ ਖਾਸ ਪ੍ਰਗਤੀ ਨਹੀਂ ਹੋਈ ਹੈ। ਪੈਰਿਸ ਸਮਝੌਤੇ ਦੇ ਅਨੁਸਾਰ, ਇਸ ਟੀਚੇ ਨੂੰ 2025 ਤੱਕ ਤੇਜ਼ ਕੀਤਾ ਜਾਣਾ ਅਤੇ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ 43 ਪ੍ਰਤੀਸ਼ਤ ਤੱਕ ਘਟਾਉਣਾ ਸੀ। ਇਸ ਦਿਸ਼ਾ ਵਿੱਚ ਸਾਰਥਕ ਕਦਮ ਚੁੱਕਣ ਵਿੱਚ ਕੱਲ੍ਹ ਦੀ ਦੇਰੀ ਨੇ ਅੱਜ ਸਾਨੂੰ ਔਖੀਆਂ ਚੁਣੌਤੀਆਂ ਵਿੱਚ ਘਿਰਿਆ ਹੋਇਆ ਹੈ। ਜਿਵੇਂ ਕਿ ਉਦਯੋਗ ਵਿੱਚ ਜਲਦੀ ਹੀ ਨੈੱਟ-ਜ਼ੀਰੋ ਐਮੀਸ਼ਨ ਨੂੰ ਹਕੀਕਤ ਵਿੱਚ ਬਦਲਣਾ। ਇਸ ਟੀਚੇ ਵੱਲ ਇੱਕ ਮਹੱਤਵਪੂਰਨ ਕਦਮ ਨਿਰਮਾਣ ਕਾਰਜਾਂ ਵਿੱਚ ਅਜਿਹੀ ਸਮੱਗਰੀ ਜਾਂ ਪਦਾਰਥਾਂ ਦੀ ਵਰਤੋਂ ਕਰਨਾ ਹੈ ਜੋ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਸਹਾਇਕ ਹਨ।

ਹਾਲ ਹੀ ਵਿੱਚ, ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੇ ਸੰਯੁਕਤ ਰਾਸ਼ਟਰ ਵਿੱਚ ਇੱਕ ਮਤਾ ਪਾਸ ਕਰਕੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਦਾ ਪ੍ਰਣ ਲਿਆ ਹੈ। ਜਲਵਾਯੂ ਸੰਕਟ ਅਤੇ ਪਲਾਸਟਿਕ ਵਿਚਕਾਰ ਇੱਕ ਨਜ਼ਦੀਕੀ ਸਬੰਧ ਹੈ. ਇਕੱਲੇ ਪਲਾ-ਸਟਿਕ ਦਾ 3.8 ਪ੍ਰਤੀਸ਼ਤ ਵਿਸ਼ਵ ਨਿਕਾਸੀ ਹੈ, ਜੋ ਅੱਜ ਇੱਕ ਗੰਭੀਰ ਸਮੱਸਿਆ ਬਣ ਗਿਆ ਹੈ। 1907 ਤੋਂ ਲੈ ਕੇ ਅੱਜ ਤੱਕ ਦੇ ਇਸ ਛੋਟੇ ਜਿਹੇ ਸਫ਼ਰ ਵਿੱਚ ਪਲਾਸਟਿਕ ਦਾ ਸਫ਼ਰ ਇੱਕ ਚਮਤਕਾਰੀ ਖੋਜ ਤੋਂ ਇੱਕ ਜ਼ਹਿਰੀਲੇ ਸੱਚ ਵਿੱਚ ਬਦਲ ਗਿਆ ਹੈ। ਇਸ ਤੱਥ ਦੇ ਅਣਗਿਣਤ ਸਬੂਤਾਂ 'ਤੇ ਇਕ ਝਾਤ ਮਾਰਨ ਨਾਲ ਇਕ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ।

ਉਹ ਇਹ ਹੈ ਕਿ ਇਸ ਜ਼ਹਿਰ ਨਾਲ ਧਰਤੀ ਦਾ ਦਮ ਘੁੱਟ ਰਿਹਾ ਹੈ। ਪਲਾਸਟਿਕ ਪ੍ਰਦੂਸ਼ਣ ਇਸ ਹੱਦ ਤੱਕ ਫੈਲ ਗਿਆ ਹੈ ਕਿ ਆਉਣ ਵਾਲੇ ਤਿੰਨ ਦਹਾਕਿਆਂ (2050 ਤੱਕ) ਸਮੁੰਦਰਾਂ ਵਿੱਚ ਮੱਛੀਆਂ ਤੋਂ ਵੱਧ ਪਲਾਸਟਿਕ ਦਾ ਕੂੜਾ ਹੋਵੇਗਾ। ਇੱਕ ਭਿਆਨਕ ਸੱਚਾਈ ਇਹ ਹੈ ਕਿ ਸੰਸਾਰ ਵਿੱਚ ਪੈਦਾ ਹੋਣ ਵਾਲੇ ਪਲਾਸਟਿਕ ਦਾ ਨੱਬੇ ਫੀਸਦੀ ਹਿੱਸਾ ਹੀ ਰਹਿ ਜਾਂਦਾ ਹੈ ਅਤੇ ਪਲਾਸਟਿਕ ਦੇ ਕੂੜੇ ਦਾ ਸਿਰਫ਼ ਇੱਕੀ ਫੀਸਦੀ ਹੀ ਰੀਸਾਈਕਲ ਹੁੰਦਾ ਹੈ।

ਭਾਰਤ ਵੀ ਇਸ ਮਾਮਲੇ ਵਿੱਚ ਬੇਦਾਗ ਨਹੀਂ ਹੈ। ਪ੍ਰੀ-ਮਹਾਂਮਾਰੀ 2019 ਦੀਆਂ ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਇਹ ਸਮੱਸਿਆ ਨਵੀਂ ਨਹੀਂ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਂਮਾਰੀ ਤੋਂ ਬਾਅਦ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੋਵੇਗੀ। 2020 ਦੀ ਇੱਕ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਸਮੁੰਦਰਾਂ ਵਿੱਚ ਪਲਾਸਟਿਕ ਸੁੱਟਣ ਦੇ ਮਾਮਲੇ ਵਿੱਚ ਭਾਰਤ ਵੀ ਇੱਕ ਪ੍ਰਮੁੱਖ ਦੇਸ਼ ਹੈ। ਸੰਸਦ ਵਿੱਚ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਪਲਾਸਟਿਕ ਦਾ ਕੂੜਾ ਦੁੱਗਣਾ ਹੋ ਗਿਆ ਹੈ ਅਤੇ ਪੈਦਾ ਹੋਏ ਕੂੜੇ ਦਾ ਸਿਰਫ਼ ਇੱਕ ਚੌਥਾਈ ਹਿੱਸਾ ਰੀਸਾਈਕਲ ਕੀਤਾ ਜਾਂਦਾ ਹੈ। ਇਨ੍ਹਾਂ ਤੱਥਾਂ ਦੇ ਨਾਲ, ਕੀ ਭਾਰਤ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਬਣਨ ਦਾ ਹੱਕਦਾਰ ਹੈ, ਜਿਵੇਂ ਕਿ ਸਦਨ ਵਿੱਚ ਦਾਅਵਾ ਕੀਤਾ ਗਿਆ ਹੈ?

ਇਨ੍ਹਾਂ ਸਾਰੇ ਤੱਥਾਂ ਅਤੇ ਹਕੀਕਤਾਂ ਦੇ ਮੱਦੇਨਜ਼ਰ ਬਹੁਤ ਹੀ ਅਜੀਬ ਗੱਲ ਇਹ ਹੈ ਕਿ ਭਾਵੇਂ ਭਾਰਤ ਉਨ੍ਹਾਂ 175 ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪਲਾ-ਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਮਤਾ ਪਾਸ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਲਿਆਂਦਾ ਗਿਆ ਇਹ ਮਤਾ ਕਮਜ਼ੋਰ ਸੀ ਕਿਉਂਕਿ ਇਸ ਨੇ ਹਰੇਕ ਦੇਸ਼ ਨੂੰ ਆਪਣੇ ਟੀਚੇ ਤੈਅ ਕਰਨ ਦੀ ਆਜ਼ਾਦੀ ਦਿੱਤੀ ਸੀ। ਇਹ ਵੀ ਕਿਹਾ ਗਿਆ ਕਿ ਵਿਕਾਸ ਨੀਤੀਆਂ ਦੇ ਮੱਦੇਨਜ਼ਰ ਕੋਈ ਹੋਰ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਇਸ ਪਹੁੰਚ ਨੂੰ ਅਪਣਾਉਣਾ ਪੂਰੀ ਤਰ੍ਹਾਂ ਆਪਣੀ ਪਹਿਲਾਂ ਦੀ ਸਥਾਪਨਾ ਦੇ ਵਿਰੁੱਧ ਹੈ, ਕਿਉਂਕਿ ਭਾਰਤ ਨੇ 2019 ਵਿੱਚ ਹੋਈ ਅੰਤਰਰਾਸ਼ਟਰੀ ਵਾਤਾਵਰਣ ਕਾਨਫਰੰਸ ਵਿੱਚ ਇਸ ਤੱਥ ਨੂੰ ਉਜਾਗਰ ਕੀਤਾ ਸੀ।

> ਧਰਤੀ 'ਤੇ ਜੀਵਾਂ ਦੇ ਬਚਾਅ ਲਈ ਸ਼ੁੱਧ ਵਾਤਾਵਰਨ ਦੀ ਲੋੜ ਹੈ

ਆਖ਼ਰਕਾਰ, ਭਾਰਤ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਲਈ ਸਹਿਮਤ ਹੋਣਾ ਕੋਈ ਵੱਡੀ ਗੱਲ ਨਹੀਂ ਹੈ। ਪਰ ਇਸ ਤੱਥ ਦੇ ਮੱਦੇਨਜ਼ਰ ਕਿ ਸਾਡੀ ਵਿਧਾਨ ਸਭਾ ਅਤੇ ਕਾਰਜਪਾਲਿਕਾ ਦੋਵੇਂ ਕੰਮ ਕਰਨ ਤੋਂ ਝਿਜਕਦੀਆਂ ਹਨ, ਇਸ ਸਾਲ ਦਾ ਬਜਟ ਪੂਰੀ ਤਰ੍ਹਾਂ ਵਾਤਾਵਰਣ ਵਿਰੋਧੀ ਜਾਪਦਾ ਹੈ।

ਜਿਵੇਂ ਕਿ ਛੱਤੀਸਗੜ੍ਹ ਦੇ ਵਿਸ਼ਾਲ ਹਸਦੇਓ ਰਿਜ਼ਰਵ ਵਿੱਚ ਮਾਈਨਿੰਗ ਦੀ ਇਜਾਜ਼ਤ ਦੇਣਾ, ਇਹ ਜਾਣਦੇ ਹੋਏ ਕਿ ਇਸ ਨਾਲ ਜੰਗਲ ਦਾ ਭਾਰੀ ਨੁਕਸਾਨ ਹੋਵੇਗਾ; ਪੰਜ ਦਹਾਕਿਆਂ ਦੀ ਪਾਬੰਦੀ ਤੋਂ ਬਾਅਦ ਘੋੜਿਆਂ ਦੇ ਵਪਾਰ ਦੇ ਹਿੱਤ ਵਿੱਚ ਸਦਨ ਵਿੱਚ ਕਾਨੂੰਨ ਪੇਸ਼ ਕਰਨਾ; ਜੰਗਲ ਦੇ ਭਾਰੀ ਨੁਕਸਾਨ ਦੀ ਕੀਮਤ 'ਤੇ ਕੋਂਕਣ ਰੇਲਵੇ ਦੇ ਇੱਕ ਹਿੱਸੇ ਦਾ ਨਿਰਮਾਣ; ਜ਼ਮੀਨ ਖਿਸਕਣ ਦੇ ਖਤਰੇ ਦੇ ਬਾਵਜੂਦ ਚਾਰ-ਧਾਮ ਸੜਕ ਦਾ ਚੌੜਾ ਹੋਣਾ ਸੁਭਾਵਿਕ ਤੌਰ 'ਤੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਭਾਰਤ ਕਿੱਥੇ ਪਹੁੰਚੇਗਾ, ਜਦੋਂ ਇਨ੍ਹਾਂ ਸਭ ਦੀ ਤਰ੍ਹਾਂ, ਪਲਾਸਟਿਕ ਨੂੰ ਘਟਾਉਣ ਦੇ ਲੰਬੇ ਸਮੇਂ ਦੇ ਹਿੱਤ ਵਿਕਾਸ ਜਾਂ ਕਾਰੋਬਾਰ ਕਰਨ ਵਿੱਚ ਆਸਾਨੀ ਨਾਲ ਪ੍ਰੇਰਿਤ ਹੋਣਗੇ। ਦੇ ਹਿੱਤਾਂ ਅੱਗੇ ਝੁਕਣਾ ਪਵੇਗਾ

ਇਸ ਤਰ੍ਹਾਂ ਦੇ ਹੋਰ ਵੀ ਕਈ ਸਵਾਲ ਮਨ ਵਿਚ ਆਉਂਦੇ ਹਨ। ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਅਜਿਹੇ 'ਚ ਜਦੋਂ ਜਲਵਾਯੂ ਸੰਕਟ ਦੇ ਪ੍ਰਭਾਵ ਤੇਜ਼ੀ ਨਾਲ ਸਾਹਮਣੇ ਆ ਰਹੇ ਹਨ ਤਾਂ ਯਕੀਨਨ ਸਾਡੇ ਕਈ ਸ਼ਹਿਰ ਹੋਰ ਖ਼ਤਰੇ 'ਚ ਹੋਣਗੇ। ਇਸ ਲਈ ਸਾਡੇ ਕੋਲ ਕਿਹੜਾ ਵਿਕਲਪ ਬਚੇਗਾ? ਜਦੋਂ ਆਰਥਿਕਤਾ ਲਈ ਪੰਜ ਲੱਖ ਕਰੋੜ ਰੁਪਏ ਦਾ ਟੀਚਾ ਰੱਖਿਆ ਗਿਆ ਹੈ, ਤਾਂ ਕੀ ਇਸ ਵਾਧੇ ਵਿੱਚ ਵਾਤਾਵਰਨ ਨੂੰ ਮਹੱਤਵ ਦਿੱਤਾ ਜਾਵੇਗਾ, ਜਿੱਥੇ ਇਹ ਮਨੁੱਖੀ ਇੱਛਾਵਾਂ, ਇੱਛਾਵਾਂ ਦੇ ਬਰਾਬਰ ਹੈ ਅਤੇ ਉਨ੍ਹਾਂ ਤੋਂ ਘੱਟ ਨਹੀਂ? ਕੀ ਭਾਰਤ ਵਾਤਾਵਰਣ ਨੂੰ ਬਚਾਉਣ ਦੇ ਯਤਨਾਂ ਵਿੱਚ ਪੂਰਾ ਭਾਗੀਦਾਰ ਹੋਵੇਗਾ?

ਆਈਪੀਸੀਸੀ ਦੀ ਰਿਪੋਰਟ 'ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਕਿਹਾ ਕਿ ਇਹ ਮਨੁੱਖਤਾ ਦੇ ਦੁੱਖ ਦਾ ਇੱਕ ਵੱਡਾ ਸੂਚਕ ਹੈ ਅਤੇ ਜਲਵਾਯੂ ਸੰਕਟ ਦੀ ਅਸਫਲਤਾ ਦਾ ਪ੍ਰਤੀਕ ਹੈ। ਇਸ ਲਈ ਇਹ ਸੋਚਣਾ ਲਾਜ਼ਮੀ ਹੈ ਕਿ ਇਨ੍ਹਾਂ ਹਾਲਾਤਾਂ ਨੂੰ ਕਿਵੇਂ ਬਦਲਿਆ ਜਾਵੇ। ਇਹ ਤਬਦੀਲੀ ਸਾਡੀ ਸੋਚ ਤੋਂ ਸ਼ੁਰੂ ਹੋਵੇਗੀ, ਜਿੱਥੇ ਇਹ ਸਥਾਪਿਤ ਕੀਤਾ ਗਿਆ ਹੈ ਕਿ ਵਾਤਾਵਰਣ ਦੂਜਾ ਹੈ ਅਤੇ ਮਨੁੱਖੀ ਇੱਛਾਵਾਂ ਪਹਿਲਾਂ ਹਨ। ਜਦਕਿ ਸੱਚਾਈ ਇਸ ਦੇ ਉਲਟ ਜਾਪਦੀ ਹੈ। ਧਰਤੀ 'ਤੇ ਜੀਵਾਂ ਦੇ ਜਿਉਂਦੇ ਰਹਿਣ ਲਈ ਸ਼ੁੱਧ ਵਾਤਾਵਰਨ ਦੀ ਲੋੜ ਹੈ, ਇਸ ਗੱਲ ਨੂੰ ਹੁਣ ਸਮਝਣਾ ਪਵੇਗਾ।

ਜੇਕਰ ਸਮੱਸਿਆ ਕਾਨੂੰਨ ਜਾਂ ਇਸ ਨੂੰ ਲਾਗੂ ਕਰਨ ਦੀ ਹੈ, ਤਾਂ ਇਸ ਦਾ ਕਾਰਨ ਸਿੱਖਣ ਅਤੇ ਸਿੱਖਿਅਤ ਕੀਤੀ ਜਾ ਰਹੀ ਹੈ। ਇੱਕ ਖੋਜ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 1997 ਤੋਂ ਬਾਅਦ ਪੈਦਾ ਹੋਈ ਪੀੜ੍ਹੀ ਜਲਵਾਯੂ ਸੰਕਟ ਪ੍ਰਤੀ ਬਹੁਤ ਜਾਗਰੂਕ ਹੈ। ਇਸ ਲਈ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ, ਖਾਸ ਕਰਕੇ ਜੋ ਨੀਤੀਆਂ ਸਰਕਾਰਾਂ ਬਣਾ ਰਹੀਆਂ ਹਨ, ਉਨ੍ਹਾਂ ਪ੍ਰਤੀ ਜਾਗਰੂਕ ਹੋਣ ਦੀ ਵੀ ਲੋੜ ਹੈ।

ਆਰਥਿਕ ਲੋੜਾਂ ਅਤੇ ਰਾਜਨੀਤਿਕ ਲਾਭਾਂ ਨੂੰ ਇੱਕ-ਅਯਾਮੀ ਵਿਕਾਸ ਦੁਆਰਾ ਪਛਾੜ ਦਿੱਤਾ ਗਿਆ ਹੈ। ਮਾਹਰ ਅਤੇ ਆਲੋਚਕ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਜਲਵਾਯੂ ਸੰਕਟ ਹੁਣ ਲਗਭਗ ਵਿਨਾਸ਼ਕਾਰੀ ਹੈ। ਅਤੇ ਇਹ ਸਪੱਸ਼ਟ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਵੱਲੋਂ ਅਗਾਂਹਵਧੂ ਦੇਸ਼ ਹੋਣ ਦੇ ਬਹਾਨੇ ਕਮਜ਼ੋਰ ਨੀਤੀਆਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਪਲਾਸਟਿਕ ਦੀ ਵਰਤੋਂ ਘਟਾਉਣ ਬਾਰੇ ਤੱਥ ਸਾਹਮਣੇ ਆਏ ਹਨ, ਜੋ ਕੌਮੀ ਪੱਧਰ 'ਤੇ ਪਾਏ ਯੋਗਦਾਨ ਨੂੰ ਨਾਕਾਫ਼ੀ ਠਹਿਰਾਉਂਦੇ ਹਨ।

ਅਜਿਹੀ ਸਥਿਤੀ ਵਿੱਚ, ਸਵਾਲ ਪੁੱਛਿਆ ਜਾਣਾ ਸਧਾਰਨ ਹੈ ਕਿ ਜੇਕਰ ਸਾਡਾ ਧਿਆਨ ਜਲਵਾਯੂ ਸੰਕਟ ਦੇ ਅਨੁਕੂਲ ਹੋਣ ਦੀਆਂ ਪ੍ਰਕਿਰਿਆਵਾਂ 'ਤੇ ਨਹੀਂ ਹੈ, ਤਾਂ ਇਹ ਆਰਥਿਕ ਵਿਕਾਸ ਕਿਸ ਲਈ ਹੈ? ਇਹ ਸਥਿਤੀ ਮਨੁੱਖਤਾ ਦੀਆਂ ਤਰਜੀਹਾਂ ਬਾਰੇ ਕੀ ਕਹਿੰਦੀ ਹੈ ਜਦੋਂ ਬਚਾਅ ਦੀ ਬਹੁਤ ਸੰਭਾਵਨਾ ਸਵਾਲ ਵਿੱਚ ਹੈ? ਇਸ ਪ੍ਰਤੱਖ ਜਾਂ ਅਸਿੱਧੇ ਸੱਚ ਤੋਂ ਲੋਕਾਂ ਨੂੰ ਜਾਨ-ਮਾਲ ਦੇ ਖ਼ਤਰੇ ਤੋਂ ਸੁਚੇਤ ਕਰਨਾ ਅਤਿ ਜ਼ਰੂਰੀ ਜਾਪਦਾ ਹੈ, ਪਰ ਜਦੋਂ ਇਹ ਗੱਲ ਵਾਰ-ਵਾਰ ਸਾਹਮਣੇ ਆਉਂਦੀ ਹੈ ਕਿ ਹਰ ਚੀਜ਼ ਨੂੰ ਨਫ਼ੇ-ਨੁਕਸਾਨ ਦੇ ਹਿਸਾਬ ਨਾਲ ਤੋਲਿਆ ਜਾਂਦਾ ਹੈ, ਤਾਂ ਸਭ ਕੁਝ ਹਾਰਨ ਵਾਲੀ ਜੰਗ ਵਾਂਗ ਜਾਪਦਾ ਹੈ। .

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਕਈ ਸਾਬਕਾ ਵਿਧਾਇਕ ਹਾਲੇ ਸਰਕਾਰੀ ਮਕਾਨਾਂ ਦੀਆਂ ਕੁੰਜੀਆਂ ਨਹੀਂ ਮੋੜ ਰਹੇ

*** ਦੋ ਸਾਬਕਾ ਮੰਤਰੀਆਂ ਨੂੰ ਵੀ ਨੋਟਿਸ ਜਾਰੀ**

ਚੰਡੀਗੜ੍ਹ, 11 ਮਈ (ਪੋਸਟ ਬਿਊਰੋ)- ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਗਏ ਕਈ ਸਾਬਕਾ ਵਿਧਾਇਕਾਂ ਅਤੇ ਮੰਤਰੀਆਂ ਦਾ ਸਰਕਾਰੀ ਘਰ ਛੱਡਣ ਨੂੰ ਦਿਲ ਨਹੀਂ ਕਰ ਰਿਹਾ ਅਤੇ ਇਸ ਕਾਰਨ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਇਧਰ-ਉਧਰ ਭਟਕਣਾ ਪੈ ਰਿਹਾ ਹੈ। ਇਨ੍ਹਾਂ ਵਿਧਾਇਕਾਂ ਨੂੰ ਹਾਲੇਸਰਕਾਰੀ ਫਲੈਟ ਵਿੱਚ ਪੈਰ ਪਾਉਣ ਦਾ ਵੀ ਮੌਕਾ ਨਹੀਂ ਮਿਲਿਆ, ਜਦ ਕਿ ਫਲੈਟਾਂ ਦੀ ਅਲਾਟਮੈਂਟ ਉਨ੍ਹਾਂ ਨੂੰ ਹੋ ਚੁੱਕੀ ਹੈ। ਮਿਲੀ ਜਾਣਕਾਰੀ ਅਨੁਸਾਰ ਹਾਲੇ ਤਕ 18 ਸਾਬਕਾ ਵਿਧਾਇਕਾਂ ਨੇ ਸਰਕਾਰੀ ਫਲੈਟ ਨਹੀਂ ਛੱਡੇ। ਇਨ੍ਹਾਂ ਵਿੱਚ ਪੰਜ ਸਾਬਕਾ ਵਿਧਾਇਕ ਅਕਾਲੀ ਦਲ ਦੇ ਹਨ। ਪਿਛਲੇ ਹਫਤੇ ਨੌਂ ਸਾਬਕਾ ਵਿਧਾਇਕਾਂ ਨੇ ਸਰਕਾਰੀ ਫਲੈਟ ਛੱਡੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਪਿਛਲੇ ਦਿਨੀਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੋਂ ਸਰਕਾਰੀ ਕੋਠੀ ਖਾਲੀ ਕਰਵਾ ਲਈ, ਪਰ ਕਾਂਗਰਸ ਸਰਕਾਰ ਦੇ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਹਾਲੇ ਤਕ ਕੋਠੀ ਨਹੀਂ ਛੱਡੀ। ਸਰਕਾਰ ਨੇ ਕੁਝ ਦਿਨ ਪਹਿਲਾਂ ਸਾਬਕਾ ਮੰਤਰੀ ਸੁਖ ਸਰਕਾਰੀਆ ਨੂੰ ਸੈਕਟਰ 16 ਵਿਚਲੀ ਕੋਠੀ ਨੰਬਰ 500 ਛੱਡਣ ਦਾ ਨੋਟਿਸ ਦਿੱਤਾ ਸੀ ਅਤੇ ਅੱਜ ਤੱਕ ਪੰਜਾਬ ਸਰਕਾਰ ਕੋਠੀ ਛੱਡਣ ਲਈ ਤਿੰਨ ਨੋਟਿਸ ਭੇਜਚੁੱਕੀ ਹੈ। ਸਰਕਾਰੀਆ ਦਾ ਕਹਿਣਾਹੈ ਕਿ ਉਹ ਕੋਠੀ ਖਾਲੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਨੋਟਿਸ ਨਹੀਂ ਮਿਲਿਆ। ਪਤਾ ਲੱਗਾ ਹੈ ਕਿ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਵੀ ਕੋਠੀ ਛੱਡਣ ਦੇ ਨੋਟਿਸ ਗਏ ਸਨ।

ਪੰਜਾਬ ਦੇ ਵਿਧਾਇਕਾਂ ਨੂੰ ਸੈਕਟਰ ਤਿੰਨ ਅਤੇ ਚਾਰ ਸੈਕਟਰ ਤੋਂ ਇਲਾਵਾ ਸੈਕਟਰ 39 ਵਿੱਚ ਵੀ ਸਰਕਾਰੀ ਫਲੈਟ ਮਿਲਦੇ ਹਨ। ਡੇਢ ਦਰਜਨ ਸਾਬਕਾ ਵਿਧਾਇਕ ਸਰਕਾਰੀ ਫਲੈਟ ਵਿੱਚ ਨਹੀਂ ਰਹੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸਰਕਾਰੀ ਫਲੈਟ ਨਹੀਂ ਛੱਡੇ। ਹਲਕਾ ਲੰਬੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਨੂੰ ਫਲੈਟ ਨੰਬਰ 37 ਮਿਲਿਆ ਹੈ, ਜਿਹੜਾ ਸਾਬਕਾ ਮੁੱਖ ਮੰਤਰੀ ਬਾਦਲ ਨੇ ਅਜੇ ਖਾਲੀ ਨਹੀਂ ਕੀਤਾ। ਬਠਿੰਡਾ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੂੰ ਫਲੈਟ ਨੰਬਰ 35 ਮਿਲਿਆ ਹੈ, ਪਰ ਇਹ ਹਾਲੇ ਤਕ ਬਿਕਰਮ ਸਿੰਘ ਮਜੀਠੀਆ ਨੇ ਨਹੀਂ ਛੱਡਿਆ। ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਅਤੇ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਵੀ ਹਾਲੇ ਤਕ ਫਲੈਟ ਨਹੀਂ ਛੱਡੇ। ਕਈ ਸਾਬਕਾ ਵਿਧਾਇਕਾਂ ਨੇ ਫਲੈਟ ਖਾਲੀ ਕਰ ਦਿੱਤੇ ਹਨ, ਪਰ ਬਿਜਲੀ ਪਾਣੀ ਦੇ ਬਕਾਏ ਨਹੀਂ ਭਰੇ, ਜਿਸ ਕਰ ਕੇ ਨਵੇਂ ਵਿਧਾਇਕਾਂ ਨੂੰ ਉਡੀਕਣਾ ਪੈ ਰਿਹਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਅਤੇ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ ਨੇ ਹਾਲੇ ਤਕ ਫਲੈਟਾਂ ਦੇ ਬਿਜਲੀ, ਪਾਣੀ ਦੇ ਬਕਾਏ ਨਹੀਂ ਭਰੇ। ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ 57 ਨੰਬਰ ਸਰਕਾਰੀ ਫਲੈਟ ਮਿ- ਲਿਆ, ਪਰ ਇਹ ਖਾਲੀ ਨਹੀਂ ਹੋਇਆ। ਸਰਕਾਰੀ ਰਿਕਾਰਡ ਵਿੱਚ ਇਹ ਰਮਿੰਦਰ ਆਂਵਲਾ ਦੇ ਨਾਮ ਹੈ। ਵਿਧਾਇਕ ਪੰਡੋਰੀ ਦਾ ਕਹਿਣਾ ਹੈ ਕਿ ਫਲੈਟ ਨੰਬਰ 57 ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਕੋਲ ਹੈ, ਜੋ ਖਾਲੀ ਨਹੀਂ ਕਰ ਰਹੇ। ਜਿਨ੍ਹਾਂ ਹੋਰਨਾਂ ਸਾਬਕਾ ਵਿਧਾਇਕਾਂ ਨੇ ਸਰਕਾਰੀ ਫਲੈਟ ਨਹੀਂ ਛੱਡੇ, ਉਨ੍ਹਾਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਦਰਸ਼ਨ ਸਿੰਘ ਬਰਾੜ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਦਿਨੇਸ਼ ਸਿੰਘ, ਜੋਗਿੰਦਰ ਪਾਲ, ਸਤਿਕਾਰ ਕੌਰ, ਗੁਰਪ੍ਰੀਤ ਸਿੰਘ ਜੀ ਪੀ, ਕੁਲਬੀਰ ਸਿੰਘ ਧੀਮਾਨ ਸ਼ਾਮਲ ਹਨ। ਨਵੇਂ ਵਿਧਾਇਕ ਇਹ ਫਲੈਖਾਲੀ ਕਰਾਉਣ ਲਈ ਵਿਧਾਨ ਸਭਾ ਸਕੱਤਰੇਤ ਦੇ ਗੇੜੇ ਮਾਰ ਰਹੇ ਹਨ।

ਇਸ ਦੌਰਾਨ ਚੰਡੀਗੜ੍ਹ ਦੇ ਸੈਕਟਰ 16 ਦੀ ਸਰਕਾਰੀ ਕੋਠੀਨੰਬਰ500 ਸਭ ਦੀ ਪਸੰਦ ਬਣ ਗਈ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕੋਠੀ ਨੰਬਰ 500 ਲੈਣਾ ਚਾਹੁੰਦੇ ਸਨ ਤੇ ਉਨ੍ਹਾਂ ਨੇ ਸਰਕਾਰ ਤਕ ਪਹੁੰਚ ਕੀਤੀ ਸੀ, ਪਰ ਉਨ੍ਹਾਂ ਦੀ ਗੱਲ ਨਹੀਂ ਬਣੀ। ਸਰਕਾਰ ਨੇ ਬਾਜਵਾ ਨੂੰ ਸੈਕਟਰ 39 ਵਿੱਚ ਕੋਠੀ ਅਲਾਟ ਕੀਤੀ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਹਾਲੇ ਓਥੇ ਰਿਹਾਇਸ਼ ਨਹੀਂ ਕੀਤੀ। ਸਿਹਤ ਮੰਤਰੀ ਵਿਜੈ ਸਿੰਗਲਾ ਵੀ ਕੋਠੀ ਨੰਬਰ 500 ਚਾਹੁੰਦੇ ਹਨ।

## ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਨੇ ਮਾਨ ਦਾ ਮਾਣ ਰੱਖਿਆ

***ਸਤੌਜ ਦੀ 10 ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੱਡਿਆ**

ਸੁਨਾਮ ਊਧਮ ਸਿੰਘ ਵਾਲਾ, 11 ਮਈ (ਪੋਸਟ ਬਿਊਰੋ)- ਪਿੰਡ ਸਤੌਜ ਦੇ ਲੋਕਾਂ ਨੇ ਮੁੱਖ ਮੰਤਰੀ ਬਣੇ ਆਪਣੇ ਪਿੰਡ ਦੇ ਭਗਵੰਤ ਮਾਨ ਦੀ ਅਪੀਲ ਦਾ ਮਾਣ ਰੱਖ ਕੇ ਪੰਜਾਬ ਵਿੱਚ ਨਵੀਂ ਮੁਹਿੰਮ ਦਾ ਹੁੰਗਾਰਾ ਦਿੱਤਾ ਹੈ।



ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੱਡਣ ਦੀ ਅਪੀਲ ਕੀਤੀ ਸੀ। ਪਿੰਡ ਦੇ ਲੋਕਾਂ ਦਾ ਮੁੱਖ ਮੰਤਰੀ ਪ੍ਰਤੀ ਲਗਾਅ ਸਾਫ ਦਿੱਸਦਾ ਹੈ। ਇਸ ਅਪੀਲ ਦਾ ਅਸਰ ਮੁੱਖ ਮੰਤਰੀ ਦੇ ਪਿੰਡ ਸਤੌਜ ਵਿੱਚ ਪਿਆ ਤੇ ਕੁਝ ਦਿਨਾਂ ਵਿੱਚ ਇੱਥੋਂ ਦੇ ਲੋਕਾਂ ਨੇ ਆਪਣੀ ਇੱਛਾ ਨਾਲ ਕਰੀਬ 10 ਏਕੜ ਪੰਚਾਇਤੀ ਜ਼ਮੀਨ ਤੋਂ ਕਬਜ਼ਾ ਛੱਡ ਕੇ ਪੰਚਾਇਤ ਨੂੰ ਸੌਂਪ ਦਿੱਤੀ ਹੈ। ਪੰਜ ਏਕੜ ਜ਼ਮੀਨ ਬਾਕੀ ਹੈ, ਜਿਸ ਨੂੰ ਜਲਦੀ ਹੀ ਪੰਚਾਇਤ ਨੂੰ ਸੌਂਪਣ ਲਈ ਮੁੱਖ ਮੰਤਰੀ ਦੇ ਪਿੰਡ ਦੇ ਲੋਕ ਮਨ ਬਣਾ ਚੁੱਕੇ ਹਨ।

ਬੀਤੀ ਤਿੰਨ ਮਈ ਨੂੰ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਪਿੰਡ ਆਏ ਤਾਂ ਉਨ੍ਹਾਂ ਨੇ ਆਪਣੇ ਪਿੰਡ ਦੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਤੇ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੱਡ ਕੇ ਪੰਜਾਬ ਵਿੱਚ ਮਿਸਾਲ ਕਾਇਮ ਕਰਨ ਦੀ ਅਪੀਲ ਕੀਤੀ ਸੀ। ਮੁੱਖ ਮੰਤਰੀ ਦੀਆਂ ਉਕਤ ਦੋਵੇਂ ਅਪੀਲਾਂ ਇੱਥੇ ਰੰਗ ਲਿਆ ਰਹੀਆਂ ਹਨ।

## ਭਾਜਪਾ ਨੇਤਾ ਨੇ ਕੇਜਰੀਵਾਲ ਖਿਲਾਫ ਸ਼ਿਕਾਇਤ ਦਰਜ ਕਰਵਾਈ



ਚੰਡੀਗੜ੍ਹ, 11 ਮਈ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਸਾਬਕਾ ਆਈ ਏ ਐਸ ਅਫਸਰ ਡਾਕਟਰ ਜਗਮੋਹਨ ਸਿੰਘ ਰਾਜੂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਇੰਟਰਨੈਟ ਮੀਡੀਆ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਅਪਮਾਨਜਨਕ ਭਾਸ਼ਾ ਵਰਤਣ ਨੂੰ ਰਾਸ਼ਟਰੀ ਸੁਰੱਖਿਆ ਅਤੇ ਦੇਸ਼ ਧਰੋਹ ਦੱਸ ਕੇ ਪੁਲਸ ਦੇ ਕੋਲ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਕੇਜਰੀਵਾਲ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਏ।

ਮੋਹਾਲੀ ਥਾਣੇ ਦੇ ਮੁਖੀ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਭਾਜਪਾ ਨੇਤਾ ਡਾਕਟਰ ਰਾਜੂ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੁੱਧ ਕਾਇਰ, ਮਾਨਸਿਕ ਰੋਗੀ, ਪਾਕਿਸਤਾਨ ਨਾਲ ਹੱਥ ਮਿਲਾਊ ਵਰਗੇ ਹਮਲਾਵਰ ਅਤੇ ਭੜਕਾਊ ਸ਼ਬਦ ਵਰਤਦੇ ਹੋਏ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕੀਤੀ ਹੈ।ਡਾ: ਰਾਜੂ ਨੇ ਕਿਹਾ ਹੈ ਕਿ ਕੇਜਰੀਵਾਲ ਨੇ ਹਵਾਈ ਫੌਜ ਵਿੱਚ ਅੱਤਵਾਦੀ ਬਿਠਾਉਣ ਵਰਗੇ ਭੜਕਾਊ ਭਾਸ਼ਣ ਦੇ ਕੇ ਫੌਜ ਨੂੰ ਬਗਾਵਤ ਲਈ ਉਕਸਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

## ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਵੀ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਉੱਤੇ ਮੋਹਰ ਲਗਾਈ

ਸ੍ਰੀ ਆਨੰਦਪੁਰ ਸਾਹਿਬ, 11 ਮਈ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖਾਂ ਨੂੰ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ, ਜਿਸ ਤੋਂ ਵਿਵਾਦ ਖੜ੍ਹਾ ਹੋ ਗਿਆ ਸੀ। ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਉਸੇ ਸੱਦੇ ਦੀ ਹਾਮੀ ਭਰਦਿਆਂ ਕਿਹਾ ਕਿ ਸਾਬਕਾ ਜਥੇਦਾਰ ਸਾਹਿਬ ਦੀ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਮੰਨਣ ਵਿੱਚ ਕੋਈ ਹਰਜ਼ ਨਹੀਂ।



ਸ੍ਰੀ ਆਨੰਦਪੁਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਦੀ ਗਿਣਤੀ ਦਿਨੋ-ਦਿਨ ਘੱਟ ਰਹੀ ਹੈ, ਇਸ ਦਾ ਸਿੱਧਾ ਕਾਰਨ ਹੈ ਕਿ ਇੱਕ ਜਾਂ ਦੋ ਬੱਚੇ ਪੈਦਾ ਕਰਨ ਦੀ ਰਿਵਾਇਤ ਨੂੰ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਨੇ ਅਪਣਾ ਲਿਆ ਹੈ, ਜਿਸ ਨਾਲ ਸਿੱਖਾਂ ਦੀ ਗਿਣਤੀ ਘਟ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਸੇ ਸੰਬੰਧ ਵਿੱਚ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖਾਂ ਨੂੰ ਚਾਰਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਹੈ ਤੇ ਸਿੱਖਾਂ ਨੂੰ ਇਸ ਨੂੰ ਮੰਨਣਾ ਚਾਹੀਦਾ ਹੈ।

## ਗਿਆਨੀ ਜਗਤਾਰ ਸਿੰਘ ਨੇ ਇਤਿਹਾਸ ਬਾਰੇ ਸੰਗਤਾਂ ਨੂੰ ਉਲਝਣ ਵਿੱਚ ਪਾਇਆ

ਅੰਮ੍ਰਿਤਸਰ, 11 ਮਈ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਇਤਿਹਾਸ ਦਾ ਨਵਾਂ ਕਾਂਡ ਸੁਣਾ ਕੇ ਸੰਗਤਾਂ ਨੂੰ ਭੰਬਲ ਭੂਸੇ ਵਿੱਚ ਪਾ ਦਿੱਤਾ ਹੈ।

ਗਿਆਨੀ ਜਗਤਾਰ ਸਿੰਘ ਮੁਤਾਬਕ ਸ੍ਰੀ ਅਨੰਦ ਸਾਹਿਬ ਦੀਆਂ ਚਾਲੀ ਪੌੜੀਆਂ ਇਕੱਲੇ ਗੁਰੂ ਅਮਰਦਾਸ ਜੀ ਨੇ ਨਹੀਂ ਉਚਾਰੀਆਂ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਜੀ ਨੇ ਵੀ ਇੱਕ ਇੱਕ ਪਾਉੜੀ ਉਚਾਰੀ ਸੀ। ਆਪਣੀ ਗੱਲ ਨੂੰ ਜ਼ੋਰ ਦੇਣ ਲਈ ਗਿਆਨੀ ਜਗਤਾਰ ਸਿੰਘ ਨੇ ਕਵੀ ਭਾਈ ਸੰਤੋਖ ਸਿੰਘ ਵੱਲੋਂ ਲਿਖੇ ਗ੍ਰੰਥ ਸ੍ਰੀ ਗੁਰੂ ਪ੍ਰਤਾਪ ਸੂਰਜ ਦਾ ਹਵਾਲਾ ਦਿੱਤਾ ਹੈ। ਕਥਾ ਦੌਰਾਨ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰਤਾਗੱਦੀ ਉੱਤੇ ਬਿਰਾਜਮਾਨ ਹੋ ਕੇ ਗੁਰੂ ਰਾਮਦਾਸ ਜੀ ਨੇ ਅਨੰਦ ਸਾਹਿਬ ਦੀ 39ਵੀਂ ਪਾਉੜੀ ਉਚਾਰਨ ਕੀਤੀ ਤੇ ਗੁਰੂ ਅਰਜਨ ਸਾਹਿਬ ਨੇ ਗੁਰਤਾ ਗੱਦੀ ਉੱਤੇ ਬਿਰਾਜਮਾਨ ਹੋਣ ਪਿੱਛੋਂ 40ਵੀਂ ਪਾਉੜੀ ਨੂੰ ਨਾ ਕੇਵਲ ਉਚਾਰਨ ਕੀਤਾ, ਬਲਕਿ ਅਨੰਦ ਸਾਹਿਬ ਦਾ ਮਹੱਤਵ ਵੀ ਸੰਗਤਾਂ ਨੂੰ ਦੱਸਿਆ।



ਗਿਆਨੀ ਜਗਤਾਰ ਸਿੰਘ ਨੇ ਇਹ ਸ਼ਬਦ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਕਥਾ ਦੌਰਾਨ ਵਰਤੇ। ਉਨ੍ਹਾ ਵੱਲੋਂ ਕੀਤੀ ਇਸ ਕਥਾ ਤੋਂ ਬਾਅਦ ਦੇਸ਼ ਵਿਦੇਸ਼ ਦੇ ਵਿਦਵਾਨਾਂ ਵਿੱਚ ਚਰਚਾ ਚੱਲ ਪਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਗਿਆਨੀ ਜਗਤਾਰ ਸਿੰਘ ਸੰਗਤਾਂ ਨੂੰ ਕਿਉਂ ਗੁਮਰਾਹ ਕਰ ਰਹੇ ਹਨ?ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਨੇਕਾਂ ਥਾਵਾਂ ਉਤੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਵਿੱਚ ਗੁਰੂ ਸਾਹਿਬਾਨ ਨੇ ਵੱਖ-ਵੱਖ ਸ਼ਬਦ ਦਰਜ ਕੀਤੇ ਹਨ, ਉਨ੍ਹਾਂ ਨੇ ਮਹਲਾ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜੇ ਅਨੰਦ ਸਾਹਿਬ ਦੀ ਬਾਣੀ ਨੂੰ ਚੌਥੇ ਅਤੇ ਪੰਜਵੇ ਪਾਤਸ਼ਾਹ ਨੇ ਸੰਪੂਰਨ ਕੀਤਾ ਹੈ ਤਾਂ ਫਿਰ ਮਹਲਾ ਸ਼ਬਦ ਦੀ ਵਰਤੋਂ ਕਿਉਂ ਨਹੀਂ ਹੋਈ?




## ਬੀਬੀ ਭੱਠਲ ਨੇ 40 ਸਾਲ ਪੁਰਾਣਾ ਨਾਜਾਇਜ਼ ਕਬਜ਼ਾ ਛੱਡਿਆ

ਲਹਿਰਾਗਾਗਾ, 11 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਅੰਦਰ ਸਰਕਾਰੀ ਥਾਵਾਂ ਉਪਰ ਕੀਤੇ ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਚਲਾਈ ਮੁਹਿੰਮ ਦੇ ਹੁੰਗਾਰੇ ਵਜੋਂ ਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਸ਼ਹਿਰ ਵਿਚਲੀ ਆਪਣੀ ਕੋਠੀ ਦੇ ਬਾਹਰ ਮੁੱਖ ਮਾਰਗ ਦਿਆਲਪੁਰਾ ਰਜਬਾਹੇ ਦੇ ਇੱਕ ਪਾਸੇ ਰਾਹ ਉੱਤੇ 40 ਸਾਲ ਪਹਿਲਾਂ ਕੀਤਾ ਨਾਜਾਇਜ਼ ਕਬਜ਼ਾ ਕੱਲ੍ਹ ਬਾਅਦ ਦੁਪਹਿਰੇਛੱਡ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਮਜ਼ਦੂਰਾਂ ਵੱਲੋਂ ਰਸਤੇ ਉੱਤੇ ਬਣਾਈ ਕੰਧ ਦੇ ਨਾਲ ਬਣੇ ਦੋ ਕਮਰਿਆਂ ਨੂੰ ਢਾਹਿਆ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਬੰਦ ਪਏ ਰਸਤੇ ਦੇ ਖੁੱਲ੍ਹਣ ਨਾਲ ਲੋਕਾਂ ਵਿੱਚ ਖ਼ੁਸ਼ੀ ਪਾਈ ਹੈ ਕਿ ਸ਼ਹਿਰ ਵਾਸੀਆਂ ਨੂੰ ਕਰੀਬ 40 ਸਾਲ ਬਾਅਦ ਉਸ ਰਸਤੇ ਉੱਤੇ ਸਫ਼ਰ ਕਰਨ ਦਾ ਮੌਕਾ ਮਿਲੇਗਾ। ਇਸ ਬਾਰੇ ਬੀਬੀ ਭੱਠਲ ਦਾ ਕਹਿਣਾ ਹੈ ਕਿ ਉਨ੍ਹਾਂ ਕੋਈ ਨਾਜਾਇਜ਼ ਕਬਜ਼ਾ ਨਹੀਂ ਕੀਤਾ ਸੀ, ਸੁਰੱਖਿਆ ਕ੍ਰਮਚਾਰੀਆਂ ਲਈ ਕਮਰਾ ਬਣਾਇਆ ਸੀ। ਪਿਛਲੇ ਸਮੇਂ ਕਾਂਗਰਸ ਦੀ ਸਰਕਾਰ ਦੌਰਾਨ ਵੀ ਉਨ੍ਹਾਂ ਨਗਰ ਕੌਂਸਲ ਦੀ ਪ੍ਰਧਾਨ ਨੂੰ ਉਕਤ ਥਾਂ ਉਪਰ ਸੜਕ ਬਣਾਉਣ ਲਈ ਕਿਹਾ ਸੀ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਉਹ ਸੜਕ ਨਹੀਂ ਸੀ ਬਣ ਸਕੀ।

## ਨਿਜ਼ਾਮਪੁਰ ਕਤਲ ਕੇਸ: ਬਰਜਿੰਦਰ ਪਰਵਾਨਾ ਨੂੰ ਕਪੂਰਥਲਾ ਪੁਲਸ ਨੇ ਵੀ ਨਾਮਜ਼ਦ ਕੀਤਾ

ਕਪੂਰਥਲਾ, 11 ਮਈ (ਪੋਸਟ ਬਿਊਰੋ)- ਬੀਤੇ ਸਾਲ 18-19 ਦਸੰਬਰ ਰਾਤ ਪਿੰਡ ਨਿਜ਼ਾਮਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਆਏ ਇੱਕ ਲੜਕੇ ਦੀ ਕੁੱਟ-ਕੁੱਟ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ ਕੱਲ੍ਹ ਵੱਡਾ ਮੋੜ ਆਇਆ, ਜਦੋਂ ਪਟਿਆਲਾ ਹਿੰਸਾ ਦੇ ਦੋਸ਼ੀ ਬਰਜਿੰਦਰ ਸਿੰਘ ਪਰਵਾਨਾ ਨੂੰ ਥਾਣਾ ਕੋਤਵਾਲੀ ਦੀ ਪੁਲਸ ਨੇ ਨੌਜਵਾਨ ਦੇ ਕਤਲ ਕੇਸ ਵਿੱਚ ਨਾਮਜ਼ਦ ਕਰ ਕੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਰੋਪੜ ਜੇਲ੍ਹ ਤੋਂ ਗ੍ਰਿਫ਼ਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਬੀਤੇ ਸਾਲ 18-19 ਦਸੰਬਰ ਰਾਤ ਨੂੰ ਕਪੂਰਥਲਾ-ਸੁਭਾਨਪੁਰ ਮਾਰਗਦੇ ਪਿੰਡ ਨਿਜ਼ਾਮਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਇੱਕ 14-15 ਸਾਲ ਦਾ ਲੜਕਾ ਆਇਆ ਸੀ, ਜਿਸ ਨੂੰ ਓਥੋਂ ਦੇ ਸੇਵਾਦਾਰ ਅਮਰਜੀਤ ਸਿੰਘ ਨੇ ਫੜ ਲਿਆ ਅਤੇ ਕਾਫ਼ੀ ਕੁੱਟਮਾਰ ਕੀਤੀ ਸੀ, ਜਿਸ ਨਾਲ ਉਸ ਦੀ ਮੌਕੇ ਉੱਤੇ ਮੌਤ ਹੋ ਗਈ ਸੀ।



ਇਸ ਬਾਰੇਕਪੂਰਥਲਾ ਪੁਲਸ ਨੇ ਕਤਲ ਦਾ ਕੇਸ ਦਰਜ ਕਰਕੇ ਅਮਰਜੀਤ ਸਿੰਘ ਤੇ ਉਸਦੇ ਸਾਥੀ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ।ਬਰਜਿੰਦਰ ਸਿੰਘਪਰਵਾਨਾ ਨੂੰ ਨਿਜ਼ਾਮਪੁਰ ਦੀ ਘਟਨਾ ਵਾਲੇ ਦਿਨ ਫੇਸਬੁੱਕ ਉੱਤੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿੱਚੋਂ ਫੜੇ ਗਏ ਨੌਜਵਾਨ ਨੂੰ ਕਰਾਰਾ ਸਬਕ ਸਿਖਾਉਣ ਅਤੇ ਉਸ ਨੂੰ ਮਾਰਨ ਦੀਆਂ ਗੱਲਾਂ ਕਹਿਣ ਬਦਲੇ ਇਸ ਹੱਤਿਆ ਦੇ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ।

## ਹਾਈ ਕੋਰਟ ਵੱਲੋਂ ਤੇਜਿੰਦਰਪਾਲ ਬੱਗਾ ਦੀ ਗ੍ਰਿਫ਼ਤਾਰੀ ਉੱਤੇ ਰੋਕ

ਚੰਡੀਗੜ੍ਹ, 11 ਮਈ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਟਵਿੱਟਰ ਉੱਤੇ ਟਿੱਪਣੀ ਕਰਨ ਦੇ ਕੇਸ ਵਿੱਚ ਫੱਸੇ ਦਿੱਲੀ ਦੇ ਭਾਜਪਾ ਆਗੂ ਤੇਜਿੰਦਰਪਾਲ ਸਿੰਘ ਬੱਗਾ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਰਾਹਤ ਦਿੱਤੀ ਅਤੇ ਉਸ ਦੀ ਗ੍ਰਿਫ਼ਤਾਰੀ ਉੱਤੇ ਅਗਲੀ ਸੁਣਵਾਈ 6 ਜੁਲਾਈ ਤਕ ਰੋਕ ਲਾ ਦਿੱਤੀ ਹੈ।



ਹਾਈ ਕੋਰਟ ਦੇ ਹੁਕਮ ਮੁਤਾਬਕ ਇਸ ਦੌਰਾਨ ਤੇਜਿੰਦਰਪਾਲ ਸਿੰਘ ਬੱਗਾ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ, ਪਰ ਪੰਜਾਬ ਪੁਲਸ ਉਸ ਨੂੰ ਸਾਈਬਰ ਥਾਣਾ ਮੁਹਾਲੀ ਨਹੀਂ ਬੁਲਾ ਸਕੇਗੀ, ਸਗੋਂ ਦਿੱਲੀ ਉਸ ਦੇ ਘਰ ਦੋ ਵਾਰ ਜਾ ਕੇ ਇੱਕ-ਇੱਕ ਘੰਟਾ ਪੁੱਛਗਿੱਛ ਕਰ ਸਕੇਗੀ ਤੇ ਉਹ ਵੀ ਬੱਗਾ ਦੇ ਵਕੀਲ ਦੀ ਮੌਜੂਦਗੀ ਵਿੱਚ। ਮੁਹਾਲੀ ਅਦਾਲਤ ਨੇ ਬੱਗਾ ਦੇ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਸੀ, ਜਿਸ ਨੂੰ ਬੱਗਾ ਨੇ ਹਾਈ ਕੋਰਟ ਵਿੱਚ ਉਸੇ ਦਿਨ ਚੁਣੌਤੀ ਦਿੱਤੀ ਸੀ ਤੇ ਜਸਟਿਸ ਅਨੂਪ ਚਿਤਕਾਰਾ ਦੇ ਸੈਕਟਰ-24 ਦੀ ਰਿਹਾਇਸ਼ ਉੱਤੇ ਕੈਂਪ ਆਫ਼ਿਸ ਵਿੱਚ ਦੇਰ ਰਾਤ ਸੁਣਵਾਈ ਪਿੱਛੋਂ ਜੱਜ ਨੇ ਗ੍ਰਿਫ਼ਤਾਰੀ ਉੱਤੇ ਰੋਕ ਲਾ ਦਿੱਤੀ ਸੀ। ਵਕੀਲਾਂ ਨੇ ਰਾਜਸਥਾਨ ਵਿੱਚ ਪੰਜਾਬ ਪੁਲਸ ਉੱਤੇ ਦਰਜ ਪਰਚੇ ਦਾ ਹਵਾਲਾ ਵੀ ਦਿੱਤਾ ਕਿ ਪੰਜਾਬ ਪੁਲਸ ਕਿੱਦਾਂ ਧੱਕਾ ਕਰਦੀ ਹੈ। ਪੰਜਾਬ ਸਰਕਾਰ ਨੇ ਦਿੱਲੀ ਪੁਲਸ ਨੂੰ ਧਿਰ ਬਣਾਉਣ ਦੀ ਅਰਜੀ ਪੇਸ਼ ਕੀਤੀ ਸੀ ਤੇ ਨਾਲ ਜਨਕਪੁਰੀ ਥਾਣੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਪੇਸ਼ ਕਰਨ ਦੀ ਮੰਗ ਕੀਤੀ ਸੀ।

## ਐੱਨ ਆਰ ਆਈਜ਼ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਦੇ ਲਈ ਛੇ ਏਕੜ ਫਸਲ ਨੂੰ ਅੱਗ ਲਾ ਦਿੱਤੀ

ਜਲੰਧਰ, 11 ਮਈ (ਪੋਸਟ ਬਿਊਰੋ)- ਭੋਗਪੁਰ ਦੇ ਪਿੰਡ ਪੰਡੋਰੀ ਨਿੱਝਰਾਂ ਵਿੱਚ ਕੁਝ ਲੋਕਾਂ ਨੇ ਐਨ ਆਰ ਆਈਜ਼ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਛੇ ਏਕੜ ਫਸਲ ਨੂੰ ਅੱਗ ਲਾ ਦਿੱਤੀ। ਉਸਦਾ ਕਹਿਣਾ ਹੈ ਕਿ ਪਹਿਲਾਂ ਵੀ ਉਨ੍ਹਾਂ ਲੋਕਾਂ ਦੇ ਖ਼ਿਲਾਫ਼ ਸ਼ਿਕਾਇਤਾਂ ਦਿੱਤੀਆਂ ਸਨ, ਪਰ ਕੋਈ ਸੁਣਵਾਈ ਨਹੀਂ ਹੋਈ।

ਨਵਸ਼ਰਨ ਕੌਰ ਪਤਨੀ ਤਰਨ-ਤੇਜ ਸਿੰਘ ਵਾਸੀ ਪੰਡੋਰੀ ਨਿੱਝਰਾਂ ਨੇ ਦੱਸਿਆ ਕਿ ਇੰਗਲੈਂਡ ਰਹਿੰਦੇ ਐਨ ਆਰ ਆਈਜ਼ ਹਰਭਜਨ ਕੌਰ, ਜੋਗਿੰਦਰ ਸਿੰਘ ਤੇ ਜਗਦੀਪ ਸਿੰਘ ਦੀਪਿੰਡ ਵਿੱਚ 47 ਕਨਾਲ 15 ਮਰਲੇ ਜ਼ਮੀਨ ਹੈ। ਪਹਿਲਾਂ ਉਸ ਦਾ ਪਤੀ ਇਸ ਜ਼ਮੀਨ ਉੱਤੇ ਖੇਤੀਬਾੜੀ ਕਰਦਾ ਸੀ, ਉਸ ਦੀ ਮੌਤ ਮਗਰੋਂ ਐਨ ਆਰ ਆਈਜ਼ ਨੇ ਉਸ ਨੂੰ ਪਾਵਰ ਆਫ ਅਟਾਰਨੀ ਦੇ ਦਿੱਤੀ।ਦੋਸ਼ ਹੈ ਕਿ ਆਦਮਪੁਰ ਦੇ ਇੱਕ ਵਿਅਕਤੀ ਨੇ ਕਿਸੇ ਪੁਲਸ ਅਧਿਕਾਰੀ ਦੇ ਨਾਂ ਉੱਤੇ ਬੈਨਾਮਾ ਬਣਵਾ ਦਿੱਤਾ ਅਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜ਼ਮੀਨ ਪੁਲਸ ਅਧਿਕਾਰੀ ਨੇ ਖਰੀਦ ਲਈ ਹੈ। ਫਿਰ ਇਹ ਲੋਕ ਜ਼ਮੀਨ ਉੱਤੇ ਕਬਜ਼ਾ ਕਰਨ ਦਾ ਯਤਨ ਕਰਦੇ ਤੇ ਧਮਕਾਉਂਦੇ ਹਨ। ਨਵਸ਼ਰਨ ਕੌਰ ਨੇ ਕਿਹਾ ਕਿ 8 ਮਈ ਨੂੰ ਕੁਝ ਲੋਕ ਸਵਿਫਟ ਕਾਰ ਵਿੱਚ ਆਏਤੇ ਗੰਨੇ ਦੀ ਫਸਲ ਨੂੰ ਅੱਗ ਲਾ ਦਿੱਤੀ। ਉਹ ਮੌਕੇ ਉੱਤੇ ਪੁੱਜੇ ਤਾਂ ਉਨ੍ਹਾਂ ਉਸ ਨੂੰ ਦੁਬਾਰਾ ਧਮਕਾਇਆ, ਅੱਗ ਲੱਗਣ ਨਾਲ ਛੇ ਏਕੜ ਗੰਨੇ ਦੀ ਫਸਲ ਸੜ ਗਈ।

# ਦਿੱਲੀ ਦੀ ਨਿਊ ਫਰੈਂਡਜ਼ ਕਾਲੋਨੀ ਤੇ ਮੰਗੋਲਪੁਰੀ ’ਚ ਬੁਲਡੋਜ਼ਰ ਚੱਲੇ





ਨਵੀਂ ਦਿੱਲੀ, 11 ਮਈ (ਪੋਸਟ ਬਿਊਰੋ)- ਸੜਕਾਂ ਤੋਂ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਤਹਿਤ ਕੱਲ੍ਹ ਦੱਖਣੀ ਦਿੱਲੀ ਨਗਰ ਨਿਗਮ ਨੇ ਨਿਊ ਫਰੈਂਡਜ਼ ਕਾਲੋਨੀ ਅਤੇ ਉਤਰੀ ਦਿੱਲੀ ਨਗਰ ਨਿਗਮ ਵੱਲੋਂ ਮੰਗੋਲਪੁਰੀ ਵਿੱਚ ਬੁਲਡੋਜ਼ਰਾਂ ਨਾਲ ਭੰਨਤੋੜ ਕੀਤੀ। ਉਤਰੀ ਦਿੱਲੀ ਨਗਰ ਨਿਗਮ ਦੇ ਦਸਤੇ ਦਾ ਆਮ ਆਦਮੀ ਪਾਰਟੀ ਦੇ ਲੋਕਲ ਵਿਧਾਇਕ ਮੁਕੇਸ਼ ਅਹਿਲਾਵਤ ਨੇ ਵਿਰੋਧ ਕੀਤਾ ਤਾਂ ਦਿੱਲੀ ਪੁਲਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਦੱਖਣੀ ਦਿੱਲੀ ਦੀ ਨਗਰ ਨਿਗਮ ਦੇ ਚੇਅਰਮੈਨ ਦੇ ਮੁਤਾਬਾ ਕਿ ਗੁਰਦ-ਆਰਾ ਰੋਡ ਤੋਂ ਅਸ਼ੋਕ ਪਾਰਕ ਤਕ ਗੈਰ ਕਾਨੂੰਨੀ ਢਾਂਚੇ ਹਟਾਏ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲੀ ਬੱਸਾਂ, ਐਂਬੂਲੈਂਸਾਂ, ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇ ਸੜਕਾਂ ਤੋਂ ਸੁਰੱਖਿਅਤ ਲਾਂਘੇ ਲਈ ਰਾਹ ਦੀਆਂ ਰੁਕਾਵਟਾਂ ਹਟਾਈਆਂ ਜਾਣੀਆਂ ਹਨ। ਉਨ੍ਹਾਂ ਧਰਮ ਦੇ ਆਧਾਰ ਉੱਤੇ ਕਾਰਵਾਈ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਨਿਗਮ ਨਾਜਾਇਜ਼ ਕੋਠੀਆਂ, ਕੱਚੇ ਢਾਂਚੇ, ਝੁੱਗੀਆਂ ਤੇ ਦੁਕਾਨਾਂ ਨਾਲ ਕੀਤੇ ਕਬਜ਼ੇ ਹਟਾ ਰਹੀ ਹੈ। ਇਹ ਮੁਹਿੰਮ 13 ਮਈ ਤਕ ਚੱਲੇਗੀ। ਨਿਗਮ ਦੇ ਦਸਤੇ ਵੱਲੋਂ ਕੱਲ੍ਹ ਬੁੱਧ ਮੰਦਰ ਤੇ ਗੁਰਦੁਆਰਾ ਰੋਡ ਦੇ ਇਲਾਕੇ ਵਿੱਚੋਂ ਢਾਂਚੇ ਹਟਾਏ ਗਏ ਹਨ।ਨਿਗਮ ਦੀ ਕਾਰਵਾਈ ਦੌਰਾਨ ਕੱਲ੍ਹ ਵੀ ਦਿੱਲੀ ਪੁਲਸ ਤੇ ਅਰਧ ਸੈਨਿਕ ਬਲ ਵੱਡੀ ਗਿਣਤੀ ਵਿੱਚ ਮੌਜੂਦ ਸਨ, ਤਾਂ ਕਿ ਕੋਈ ਮਾੜੀ ਘਟਨਾ ਨਾ ਵਾਪਰ ਸਕੇ।


# ਕੁਈਨਜ਼ਲੈਂਡ ਵਿੱਚ ਵਾਪਰੇ ਹਾਦਸੇ ਦੌਰਾਨ ਦੋ ਮੌਤਾਂ




ਪਰਥ, 11 ਮਈ (ਪੋਸਟ ਬਿਊਰੋ)- ਬ੍ਰਿਸਬੇਨ ਦੇ ਦੱਖਣ-ਪੱਛਮ ਵਿੱਚ ਕੱਲ੍ਹ ਸਵੇਰੇ ਹੋਏ ਇੱਕ ਭਿਆਨਕ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਚਾਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਹੈ।

ਸਵੇਰੇ 6.20 ਵਜੇ ਤਿੰਨ ਕਾਰਾਂ ਦੀ ਟੱਕਰ ਪਿੱਛੋਂ ਸੈਂਟਰਨੀ ਹਾਈਵੇਅ ਸਾਰਾ ਦਿਨ ਬੰਦ ਰਹਿਣ ਕਾਰਨ ਮਦਰਜ਼ ਡੇਅ ਉਤੇ ਆਵਾਜਾਈ ਵਿੱਚ ਹਫੜਾ-ਦਫੜੀ ਦਾ ਮਾਹੌਲ ਰਿਹਾ। ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਪੱਛਮ ਵੱਲ ਜਾ ਰਹੀ ਕਾਰ ਸੜਕ ਦੇ ਪਾਰ ਦੂਸਰੀਆਂ ਦੋ ਕਾਰਾਂ ਨਾਲ ਟਕਰਾਅ ਗਈ ਸੀ।ਲੋਗਾਨ ਤੋਂ 22 ਸਾਲਾ ਵਿਅਕਤੀ, ਜਿਹੜਾ ਮਿਤਸੂਬਿਸ਼ੀ ਚਲਾ ਰਿਹਾ ਸੀ, ਜਿਹੜੀ ਪੱਛਮ ਵਾਲੇ ਪਾਸੇ ਦੀ ਲੇਨ ਵਿੱਚ ਚੱਲ ਰਹੀ ਸੀ, ਦੀ ਮੌਕੇ ਉੱਤੇ ਮੌਤ ਹੋ ਗਈ। ਉਸ ਦੀ ਕਾਰ ਵਿੱਚ ਸਵਾਰ ਇੱਕ ਹੋਰ 22 ਸਾਲਾ ਯਾਤਰੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਮਾਉਂਟ ਵੈਰਨ ਪਾਰਕ ਤੋਂ 30 ਸਾਲਾ ਵਿਅਕਤੀ, ਜਿਹੜਾ ਪੂਰਬ ਵਾਲੇ ਪਾਸੇ ਮਾਜ਼ਦਾ ਚਲਾ ਰਿਹਾ ਸੀ, ਦੀ ਵੀ ਮੌਕੇ ਉਤੇ ਮੌਤ ਹੋ ਗਈ। ਉਸਦੀ ਕਾਰ ਵਿੱਚ ਸਵਾਰ ਦੋ ਯਾਤਰੀ 32 ਸਾਲਾ ਔਰਤ ਤੇ ਇੱਕ 28 ਸਾਲਾ ਵਿਅਕਤੀ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਹਸਪਤਾਲ ਲਿਜਾਇਆ ਗਿਆ।ਤੀਸਰੀ ਕਾਰ ਦੀ 24 ਸਾਲਾ ਡਰਾਈਵਰ ਔਰਤ ਨੂੰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਦੁਰਘਟਨਾ ਸੁਪਰਿੰਗ ਫ਼ੀਲਡ ਅਤੇ ਵਾਈਟ ਰੌਕ ਵਿਚਕਾਰ ਸੈਂਟਰਨੀ ਹਾਈਵੇਅ ਉਤੇ ਵਾਪਰੀ, ਜਿਸ ਕਾਰਨ ਹਾਈਵੇਅ ਸੱਤ ਘੰਟੇ ਬੰਦ ਰਿਹਾ। ਕੁਈਨਸਲੈਂਡ ਐਂਬੂਲੈਂਸ ਨੇ ਕਿਹਾ ਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੁਰਘਟਨਾ ਉਸ ਸਮੇਂ ਵਾਪਰੀ, ਜਦੋਂ ਦੋ ਮੋਟਰ ਗੱਡੀਆਂ ਦੀ ਆਪਸ ਵਿੱਚ ਸਿੱਧੀ ਟੱਕਰ ਹੋ ਗਈ ਤੇ ਤੀਸਰੀ ਰੁਕਣ ਵਿੱਚ ਅਸਮਰਥ ਹੋ ਗਈ ਅਤੇ ਮਲਬੇ ਨਾਲ ਜਾ ਟਕਰਾਈ।

# ਯਾਸੀਨ ਮਲਿਕ ਨੇ ਟੈਰਰ ਫੰਡਿੰਗ ਦਾ ਅਪਰਾਧ ਕਬੂਲਿਆ



ਨਵੀਂ ਦਿੱਲੀ, 11 ਮਈ (ਪੋਸਟ ਬਿਊਰੋ)- ਕਸ਼ਮੀਰ ਵਿੱਚ ਗੜਬੜ ਦਾ ਮਾਹੌਲ ਬਣਾਉਣ ਲਈ ਟੈਰਰ ਫੰਡਿੰਗ ਕਰਨ ਦੇ ਦੋਸ਼ੀ ਵੱਖਵਾਦੀ ਨੇਤਾ ਯਾਸੀਨ ਮਲਿਕ ਨੇ ਪਟਿਆਲਾ ਹਾਊਸ ਕੋਰਟ ਵਿੱਚ ਆਪਣਾ ਦੋਸ਼ ਮੰਨ ਲਿਆ ਹੈ।

ਕੋਰਟ ਦੇ ਸੂਤਰਾਂ ਨੇ ਦੱਸਿਆ ਕਿ ਮਲਿਕ ਨੇ ਅਦਾਲਤ ਨੂੰ ਕਿਹਾ ਕਿ ਉਹ ਆਪਣੇ ਉਪਰ ਲੱਗੇ ਟੈਰਰ ਫੰਡਿੰਗ, ਅੱਤਵਾਦੀ ਗਰੁੱਪ ਦਾ ਮੈਂਬਰ ਹੋਣ, ਸਾਜ਼ਿਸ਼ ਕਰਨ ਅਤੇ ਰਾਜ ਧਰੋਹ ਦੇ ਦੋਸ਼ਾਂ ਤੋਂ ਇਨਕਾਰ ਨਹੀਂ ਕਰਦਾ। ਵਿਸ਼ੇਸ਼ ਜੱਜ ਪ੍ਰਵੀਨ ਸਿੰਘ ਨੇ ਯਾਸੀਨ ਮਲਿਕ ਦੀ ਸਜ਼ਾ ਉੱਤੇ ਬਹਿਸ ਲਈ 19 ਮਈ ਤਰੀਕ ਰੱਖੀ ਹੈ। ਕੱਲ੍ਹ ਸੁਣਵਾਈ ਦੌਰਾਨ ਕੋਰਟ ਨੇ ਇਸ ਮਾਮਲੇ ਵਿੱਚ ਬਾਕੀ ਸਾਰੇ ਦੋਸ਼ੀਆਂ ਉੱਤੇ ਰਸਮੀ ਰੂਪ ਵਿੱਚ ਦੋਸ਼ ਤੈਅ ਕਰ ਦਿੱਤੇ ਸਨ।

ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਵਿਸ਼ੇਸ਼ ਜੱਜ ਨੇ ਕਿਹਾ ਸੀ ਕਿ ਪਹਿਲੀ ਤੱਕਣੀ ਵਿੱਚ ਲੱਗਦਾ ਹੈ ਕਿ ਯਾਸੀਨ ਮਲਿਕ ਤੇ ਬਾਕੀ ਦੋਸ਼ੀ ਅੱਤਵਾਦੀ ਗਤੀਵਿਧੀਆਂ ਲਈ ਸਿੱਧੇ ਤੌਰ ਉੱਤੇ ਫੰਡ ਇਕੱਠਾ ਕਰਦੇ ਅਤੇ ਉਸ ਨੂੰ ਵੰਡਦੇ ਸਨ। ਅਦਾਲਤ ਨੇ ਦੋਸ਼ ਤੈਅ ਕਰਦੇ ਹੋਏ ਕਿਹਾ ਸੀ ਕਿ ਸਰਹੱਦ ਪਾਰੋਂ ਪਾਕਿਸਤਾਨੀ ਏਜੰਸੀਆਂ ਤੇ ਸਾਜ਼ਿਸ਼ਕਾਰਾਂ ਨੇ ਮਿਲ ਕੇ ਜੰਗ ਸ਼ੁਰੂ ਕੀਤੀ ਹੋਈ ਹੈ। ਇੱਕ ਟੀਚਾ ਮਿਥ ਕੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਭਾਰਤ ਵਿੱਚ ਟੈਰਰ ਫੰਡਿੰਗ ਕਰ ਰਹੀ ਹੈ। ਅਜੇ ਤਕ ਜਿਨ੍ਹਾਂ ਗਵਾਹਾਂ ਦੇ ਬਿਆਨ ਹੋਏ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਆਈ ਐਸ ਆਈ ਅਤੇ ਇਸ ਕੇਸ ਦੇ ਸਾਰੇ ਦੋਸ਼ੀਆਂ ਦਾ ਇੱਕੋ ਟੀਚਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਰਾਜਸੀ ਸੰਮੇਲਨਾਂ ਦੀ ਵਰਤੋਂ ਵੀ ਟੈਰਰ ਫੰਡਿੰਗ ਲਈ ਹੁੰਦੀ ਹੈ।ਲਸ਼ਕਰ ਏ ਤੋਇਬਾ ਮੁਖੀ ਹਾਫਿਜ਼ ਸਈਦ, ਹਿਜਬੁਲ ਮੁਜਾਹਦੀਨ ਦੇ ਸੈਯਦ ਸਲਾਹੁਦੀਨ, ਸ਼ੱਬੀਰ ਸ਼ਾਹ, ਮਸਰਤ ਆਲਮ, ਰਾਸ਼ਿਧ ਇੰਜੀਨੀਅਰ, ਜਹੂਰ ਅਹਿਮਦ ਵਟਾਲੀ, ਬਿੱਟਾ ਕਰਾਟੇ, ਆਫਤਾਬ ਅਹਿਮਦ ਸ਼ਾਹ, ਅਲਤਾਫ ਅਹਿਮਦ ਸ਼ਾਹ, ਨਈਆ ਖਾਨ, ਬਸ਼ੀਰ ਅਹਿਮਦ ਬੱਟ ਉਰਫ ਪੀਰ ਸੈਫਉਲ੍ਹਾ, ਨਵਲ ਕਿਸ਼ੋਰ ਕਪੂਰ ਅਤੇ ਹੋਰਨਾਂ ਦੋਸ਼ੀਆਂ ਖਿਲਾਫ ਦੋਸ਼ ਤੈਅ ਕਰਨ ਲਈ ਅਦਾਲਤ ਨੇ ਹੁਕਮ ਦਿੱਤਾ।

ਇਸ ਦੌਰਾਨਕਸ਼ਮੀਰੀ ਹਿੰਦੂਆਂ ਦੇ ਕਾਤਲ ਅੱਤਵਾਦੀ ਫਾਰੂਕ ਅਹਿਮਦ ਡਾਰ ਉਰਫ ਬਿੱਟਾ ਕਰਾਟੇ ਦੇ ਖਿਲਾਫ ਦਾਇਰ ਪਟੀਸ਼ਨ ਉੱਤੇ ਕੱਲ੍ਹ ਵਾਲੀ ਸੁਣਵਾਈ ਪੁਲਸ ਦੇ ਅਸਹਿਯੋਗ ਕਾਰਨ ਨਹੀਂ ਹੋ ਸਕੀ। ਬਿੱਟਾ ਕਰਾਟੇ ਦੇ ਖਿਲਾਫ ਮਰਹੂਮ ਸਤੀਸ਼ ਟਿੱਕੂ ਦੇ ਪਰਵਾਰਦੇ ਵਕੀਲ ਜੰਮੂ-ਕਸ਼ਮੀਰ ਪੁਲਸ ਉੱਤੇ ਉਨ੍ਹਾਂ ਨੂੰ ਸੁਰੱਖਿਆ ਨਾ ਦੇਣ ਦਾ ਦੋਸ਼ ਲਾ ਕੇ ਸ੍ਰੀਨਗਰ ਏਅਰਪੋਰਟ ਤੋਂ ਦਿੱਲੀ ਪਰਤ ਗਏ।ਪੁਲਸ ਨੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਸੁਰੱਖਿਆ ਦਸਤਾ ਮੌਜੂਦ ਸੀ, ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਅਗਲੀ ਸੁਣਵਾਈ 23 ਮਈ ਨੂੰ ਹੋਵੇਗੀ।

# ਮਰਹੂਮ ਫੋਟੋ ਪੱਤਰਕਾਰ ਦਾਨਿਸ਼ ਸਣੇ4 ਭਾਰਤੀ ਵੀ ਸਨਮਾਨਤ



ਨਵੀਂ ਦਿੱਲੀ, 11 ਮਈ (ਪੋਸਟ ਬਿਊਰੋ)- ਮਰਹੂਮ ਫੋਟੋ ਪੱਤਰਕ-ਾਰ ਦਾਨਿਸ਼ ਸਿੱਦੀਕੀ ਸਮੇਤ ਚਾਰ ਭਾਰਤੀਆਂ ਨੂੰ ਫ਼ੀਚਰ ਫ਼ੋਟੋਗ੍ਰਾਫ਼ੀ ਸ਼੍ਰੇਣੀ ਵਿੱਚ ਵੱਕਾਰੀ ਪੁਲਿਤਜ਼ਰ ਐਵਾਰਡ 2022 ਨਾਲ ਸਨਮਾਨਤ ਕੀਤਾ ਗਿਆ ਹੈ।

ਦਾਨਿਸ਼ ਸਿੱਦੀਕੀ ਪਿੱਛਲੇ ਸਾਲ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਸੱਤਾ ਉੱਤੇਕਬਜ਼ੇ ਦੌਰਾਨ ਹੋਏ ਸੰਘਰਸ਼ ਦੀ ਕਵਰੇਜ ਵਿੱਚ ਮਾਰਿਆਗਿਆ ਸੀ। ਰਾਇਟਰਜ਼ ਦੇ ਫ਼ੋਟੋਗ੍ਰਾਫ਼ਰ ਦਾਨਿਸ਼ ਸਿੱਦੀਕੀ ਦੇ ਨਾਲ ਅਦਨਾਨ ਆਬਿਦੀ, ਸਨਾ ਇਰਸ਼ਾਦ ਮੱਟੂ ਤੇ ਅਮਿਤ ਦਵੇ ਨੂੰ ਭਾਰਤ ਵਿੱਚ ਕੋਵਿਡ ਮੌਤਾਂ ਦੀਆਂ ਤਸਵੀਰਾਂ ਲਈ ਪੁਲਿਤਜ਼ਰ ਨਾਲ ਸਨਮਾਨਤ ਕੀਤਾ ਗਿਆ ਹੈ।ਦਾਨਿਸ਼ ਸਿੱਦੀਕੀ (38) ਅਫ਼ਗਾਨਿਸਤਾਨ ਵਿੱਚ ਡਿਊਟੀ ਉੱਤੇ ਸੀ। ਬੀਤੇ ਸਾਲ ਜੁਲਾਈ ਵਿੱਚ ਕੰਧਾਰ ਸ਼ਹਿਰ ਦੇ ਸਪਿਨ ਬੋਲਦਾਕ ਜ਼ਿਲ੍ਹੇ ਵਿੱਚ ਅਫ਼ਗਾਨ ਫ਼ੌਜਾਂ ਤੇ ਤਾਲਿਬਾਨ ਵਿਚਾਲੇ ਝੜਪਾਂ ਨੂੰ ਕਵਰ ਕਰਦੇ ਹੋਏ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ।ਸਿੱਦੀਕੀ ਨੇ ਦੂਜੀ ਵਾਰ ਪੁਲਿਤਜ਼ਰ ਐਵਾਰਡ ਜਿੱਤਿਆ ਹੈ। ਰੋਹਿੰਗਿਆ ਸੰਕਟ ਦੀ ਕਵਰੇਜ ਲਈ ਉਸ ਨੂੰ ਰਾਇਟਰਜ਼ ਟੀਮ ਦੇ ਹਿੱਸੇ ਵਜੋਂ 2018 ਵਿੱਚ ਇਹ ਐਵਾਰਡ ਮਿਲਿਆ ਸੀ।

# ਡਰੱਗ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਮਜੀਠੀਆ ਦੀ ਪਟੀਸ਼ਨ ਉਤੇ ਸੁਣਵਾਈ ਤੋਂ ਨਾਂਹ



ਨਵੀਂ ਦਿੱਲੀ, 11 ਮਈ (ਪੋਸਟ ਬਿਊਰੋ)- ਡਰੱਗ ਕੇਸ ਵਿੱਚ ਫਸੇਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਝਟਕਾ ਦਿੰਦਿਆਂ ਉਸ ਦੀ ਅਰਜ਼ੀਉੱਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਮਜੀਠੀਆ ਆਪਣੇ ਖਿਲਾਫ ਦਰਜ ਕੇਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦਾ ਹੈ ਤੇ ਡਵੀਜ਼ਨ ਬੈਂਚ ਇਸ ਉੱਤੇ ਸੁਣਵਾਈ ਕਰੇਗਾ।

ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੇ 28 ਮਾਰਚ ਨੂੰ ਮੋਹਾਲੀ ਦੇ ਪੰਜਾਬ ਪੁਲਸ ਦੇ ਸਟੇਟ ਕਰਾਈਮ ਥਾਣੇ ਵਿੱਚ ਐਨ ਡੀ ਪੀ ਐਸਐਕਟ(ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ) ਹੇਠ ਦਰਜ ਕੇਸ ਨੂੰ ਸਿਆ-ਸਤ ਤੋਂ ਪ੍ਰੇਰਿਤ ਦੱਸ ਕੇਸੁਪਰੀਮ ਕੋਰਟ ਤੋਂ ਰੱਦ ਕਰਨ ਦੀ ਮੰਗ ਕੀਤੀ ਸੀ। ਮੋਹਾਲੀ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਅਵਤਾਰ ਸਿੰਘ ਦੀ ਅਦਾਲਤ ਵਿੱਚ ਇਸ ਕੇਸ ਦੀ ਅਗਲੀ ਸੁਣਵਾਈ 18 ਮਈ ਨੂੰ ਹੋਣੀ ਹੈ। ਸੁਪਰੀਮ ਕੋਰਟ ਦੇ ਵਿਸ਼ੇਸ਼ ਬੈਂਚ ਨੇ ਕੱਲ੍ਹ ਸੁਣਵਾਈ ਦੌਰਾਨ ਬਚਾਅ ਪੱਖ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਪੁੱਛਿਆ ਕਿ ਜਦੋਂ ਤੁਹਾਡੇ ਕੋਲ ਹੋਰ ਬਦਲ ਜਾਂ ਰਾਹ ਹਨ ਤਾਂ ਸੰਵਿਧਾਨ ਦੀ ਧਾਰਾ 32 ਹੇਠ ਰਿਟ ਪਟੀਸ਼ਨ ਕਿਉਂ ਕੀਤੀ ਹੈ? ਅਦਾਲਤ ਨੇ ਕਿਹਾ ਕਿ ਦੋਸ਼ੀ ਕੇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦਾ ਹੈ, ਜਿਸ ਦੀ ਸੁਣਵਾਈ ਡਵੀਜ਼ਨ ਬੈਂਚ ਕਰੇਗਾ। ਅਦਾਲਤ ਨੇ ਕਿਹਾ, ‘‘ਅਸੀਂ ਧਾਰਾ 32 ਹੇਠ ਆਈ ਪਟੀਸ਼ਨ ਉੱਤੇਵਿਚਾਰ ਨਹੀਂ ਕਰਾਂਗੇ। ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਵਿਸ਼ੇਸ਼ ਕੋਰਟ ਤੇ ਹਾਈ ਕੋਰਟ ਤੋਂ ਰੱਦ ਹੋ ਚੁੱਕੀ ਹੈ। ਸੁਪਰੀਮ ਕੋਰਟ ਜੇ ਇਸ ਕੇਸ ਦੀ ਸੁਣਵਾਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਵੱਲੋਂ ਕੀਤੇ ਜਾਣ ਦੀ ਹਿਦਾਇਤ ਕਰਦੀ ਹੈ ਤਾਂ ਰਾਜ ਸਰਕਾਰ ਇਸ ਦਾ ਵਿਰੋਧ ਨਹੀਂ ਕਰੇਗੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਹ ਮਾਰਚ ਨੂੰ ਅਹੁਦਾ ਸੰਭਾਲਦੇ ਸਾਰ ਪਹਿਲੇ ਹੁਕਮਾਂ ਵਿੱਚ ਮਜੀਠੀਆ ਖਿਲਾਫ ਡਰੱਗ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਫੈਸਲਾ ਕੀਤਾ ਸੀ।

# ਬਿਜਲੀ ਗੁੱਲ ਹੋਈ ਤਾਂ ਲਾੜੀਆਂ ਇੱਕ ਦੂਸਰੀ ਨਾਲ ਬਦਲ ਗਈਆਂ

ਉਜੈਨ, 11 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਬਿਜਲੀ ਸੰਕਟ ਲਗਾਤਾਰ ਡੂੰਘਾ ਹੁੰਦਾ ਜਾਂਦਾ ਹੈ। ਉਜੈਨ ਜ਼ਿਲ੍ਹੇ ਵਿੱਚ ਇੱਕ ਅਜਿਹੀ ਘਟਨਾ ਵਾਪਰੀ, ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਜਾਵੇਗਾ।

ਇੱਥੇ ਵਿਆਹ ਹੋ ਰਿਹਾ ਸੀ ਤਾਂ ਬਿਜਲੀ ਬੰਦ ਹੋ ਜਾਣ ਨਾਲ ਲਾੜੀਆਂ ਬਦਲ ਗਈਆਂ। ਇਸ ਦੀ ਜਾਣਕਾਰੀ ਹੋਣ ਉੱਤੇ ਮੰਦਰ ਵਿੱਚ ਪੰਡਤ ਨੇ ਸਹੀ ਲਾੜੀ ਨਾਲ ਸੱਤ ਫੇਰੇ ਕਰਵਾਏ ਅਤੇ ਇਸ ਗਲਤੀ ਨੂੰ ਸੁਧਾਰਿਆ। ਮਿਲੀ ਜਾਣਕਾਰੀ ਅਨੁਸਾਰ ਉਜੈਨ ਦੇ ਨੇੜੇ ਪਿੰਡ ਦੰਗਵਾੜਾ ਦੇ ਦੋ ਸੱਕੇ ਭਰਾਵਾਂ ਦੀ ਬਰਾਤ ਅਸਲਾਨਾ ਪਿੰਡ ਗਈ ਸੀ। ਰਾਤ ਨੂੰ ਅਚਾਨਕ ਬਿਜਲੀ ਚਲੀ ਗਈ। ਲਾੜੀਆਂ ਦੀ ਡਰੈਸ ਇੱਕੋ ਜਿਹੀ ਹੋਣ ਕਾਰਨ ਸਕੇਭਰਾ ਲਾੜਿਆਂ ਦੀਆਂ ਲਾੜੀਆਂ ਬਦਲ ਗਈਆਂ। ਵਿਆਹ ਸਮਾਰੋਹ ਤੋਂ ਬਾਅਦ ਜਦੋਂ ਬਰਾਤ ਦੰਗਵਾੜਾ ਪਹੁੰਚੀ ਤਾਂ ਹਲਚਲ ਮਚ ਗਈ। ਜਿਸ ਲਾੜੀ ਦਾ ਵਿਆਹ ਵੱਡੇ ਭਰਾ ਨਾਲ ਹੋਣਾ ਸੀ, ਉਸ ਨੇ ਛੋਟੇ ਭਰਾ ਨਾਲ ਫੇਰੇ ਲੈ ਲਏ ਅਤੇ ਛੋਟੇ ਭਰਾ ਦਾ ਵੱਡੇ ਭਰਾ ਲਈ ਪਸੰਦ ਕੀਤੀ ਕੁੜੀ ਨਾਲ ਵਿਆਹ ਹੋ ਗਿਆ ਸੀ।ਇਸ ਦਾ ਖੁਲਾਸਾ ਹੋਣ ਮਗਰੋਂ ਇੱਕ ਵਾਰ ਫਿਰ ਦੋਵੇਂ ਜੋੜੇ ਦੰਗਵਾੜਾ ਦੇ ਮੰਦਰ ਪਹੁੰਚੇ। ਉਥੇ ਪੰਡਤ ਨਾਲ ਗੱਲ ਕਰ ਕੇ ਲਾੜੀ ਬਦਲ ਕੇ ਮੁੜ ਤੋਂ ਸਾਰੇ ਰੀਤੀ-ਰਿਵਾਜ ਨਾਲ ਸੱਤ ਫੇਰੇ ਕਰਵਾਏ ਗਏ।

# ਭਾਰਤ ਸਰਕਾਰ ਨੇ ਕੈਬ ਕੰਪਨੀਆਂ ਨੂੰ ਕਿਹਾ: ਸੁਧਰੋ,ਜਾਂ ਸਜ਼ਾ ਲਈ ਤਿਆਰ ਰਹੋ




ਨਵੀਂ ਦਿੱਲੀ, 11 ਮਈ (ਪੋਸਟ ਬਿਊਰੋ)- ਓਲਾ ਅਤੇ ਉਬਰ ਵਰਗੀਆਂ ਸਾਰੀਆਂ ਕੈਬ ਐਗ੍ਰੀਗੇਟਰ ਕੰਪਨੀਆਂ ਦੇ ਕੰਮ ਢੰਗ ਬਾਰੇ ਲਗਾਤਾਰ ਉਠਦੇ ਸਵਾਲਾਂ ਉੱਤੇਭਾਰਤ ਸਰਕਾਰ ਨੇ ਉਨ੍ਹਾਂ ਦੀ ਜ਼ੋਰਦਾਰ ਝਾੜਝੰਬ ਕੀਤੀ ਹੈ।

ਭਾਰਤ ਦੇ ਖਪਤਕਾਰੀ ਮਾਮਲਿਆਂ ਬਾਰੇ ਮੰਤਰਾਲੇ ਨੇ ਇਨ੍ਹਾਂ ਦੀਆਂ ਗੜਬੜਾਂ ਦਾ ਹਵਾਲਾ ਦੇ ਕੇਚਿਤਾਵਨੀ ਦੇਂਦੇ ਹੋਏ ਕਿਹਾ ਕਿ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰ ਕੇ ਆਪਣੇ ਕੰਮ ਵਿੱਚ ਸੁਧਾਰ ਲਿਆਓ ਜਾਂ ਫਿਰ ਸਜ਼ਾ ਲਈ ਤਿਆਰ ਰਹੋ।ਮੰਤਰਾਲੇ ਨੇ ਖਪਤਕਾਰਾਂ ਦੇ ਹਿੱਤਾਂ ਲਈ ਕੱਲ੍ਹ ਇੱਥੇ ਐਪ ਆਧਾਰਤ ਓਲਾ, ਉਬਰ, ਜੁਗਨੂ ਤੇ ਮੇਰੀ ਆਦਿ ਟੈਕਸੀ ਕੰਪਨੀਆਂ ਦੀ ਮੀਟਿੰਗ ਬੁਲਾਈ ਸੀ, ਜਿਸ ਵਿੱਚ ਟੈਕਸੀ ਗਾਹਕਾਂ ਦੀਆਂ ਸ਼ਿਕਾਇਤਾਂ ਦਾ ਪੁਲੰਦਾਦਿਖਾ ਕੇ ਉਨ੍ਹਾਂ ਤੋਂ ਜਵਾਬ ਮੰਗਿਆ ਅਤੇ ਯੋਗ ਜਵਾਬ ਨਾ ਮਿਲਣ ਉੱਤੇ ਉਨ੍ਹਾਂ ਨੂੰ ਕੰਮ ਵਿੱਚ ਸੁਧਾਰ ਦਾ ਅਲਟੀਮੇਟਮ ਦਿੱਤਾ ਹੈ।

ਵਿਭਾਗ ਦੇ ਅਫਸਰਾਂ ਨੇ ਦੱਸਿਆ ਕਿ ਜ਼ਿਆਦਾਤਰ ਸ਼ਿਕਾਇਤਾਂ ਏਅਰਪੋਰਟ ਅਤੇ ਰੇਲਵੇ ਸਟੇਸ਼ਨਾਂ ਤੋਂ ਟੈਕਸੀ ਫੜਨ ਵਾਲੇ ਲੋਕਾਂ ਦੀ ਹਨ। ਕਈ ਸ਼ਿਕਾਇਤਾਂ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਦੇ ਟੈਕਸੀ ਡਰਾਈਵਰ ਕਈ ਵਾਰ ਤੈਅ ਜਗ੍ਹਾ ਤੋਂ ਪਹਿਲਾਂ ਅੱਧੇ ਰਸਤੇਲਾਹ ਦਿੰਦੇ ਹਨ। ਕਿਰਾਇਆ ਤੈਅ ਕਰਨ ਦੀ ਇਨ੍ਹਾਂ ਕੰਪਨੀਆਂ ਦੀ ਪਾਰਦਰਸ਼ੀ ਨੀਤੀ ਨਹੀਂ ਹੈ। ਇਸੇ ਤਰ੍ਹਾਂ ਪਹਿਲਾਂ ਤੋਂ ਮਿਥੀ ਬੁਕਿੰਗ ਐਨ ਮੌਕੇਰੱਦ ਕਰਨਾ ਆਮ ਗੱਲ ਹੋ ਗਈ ਹੈ। ਇਹੀ ਨਹੀਂ, ਕੁਝ ਟੈਕਸੀ ਡਰਾਈਵਰ ਕਾਫੀ ਦੇਰ ਤਕ ਉਡੀਕ ਕਰਵਾਉਣ ਪਿੱਛੋਂ ਬੁਕਿੰਗ ਰੱਦ ਕਰਨ ਦੀ ਸਲਾਹ ਦੇ ਕੇ ਮੁੜ ਜਾਂਦੇ ਹਨ। ਇਹ ਵੀ ਸ਼ਿਕਾਇਤਾਂ ਹਨ ਕਿ ਜ਼ਿਆਦਾਤਰ ਕੇਸਾਂ ਵਿੱਚ ਇਨ੍ਹਾਂ ਦੇ ਡਰਾਈਵਰ ਯਾਤਰੀ ਨੂੰ ਇਸ ਸ਼ਰਤ ਉੱਤੇਬਿਠਾਉਂਦੇ ਹਨਕਿ ਪਹਿਲਾਂ ਬੁਕਿੰਗ ਰੱਦ ਕਰ ਦੇਣ। ਬੁਕਿੰਗ ਰੱਦ ਕਰਾਉਣ ਪਿੱਛੋਂ ਟੈਕਸੀ ਕੰਪਨੀਆਂ ਗਾਹਕਾਂ ਉੱਤੇ ਜੁਰਮਾਨਾ ਠੋਕ ਦਿੰਦੀਆਂ ਹਨ। ਟੈਕਸੀ ਸੰਚਾਲਕ ਬਿਨਾਂ ਕਿਸੇ ਤਿਆਰੀ ਦੇ ਮੀਟਿੰਗ ਵਿੱਚ ਪਹੁੰਚੇ ਸਨ। ਇਸ ਵਿਹਾਰ ਉੱਤੇ ਵੀ ਉਨ੍ਹਾਂ ਦੀ ਝਾੜਝੰਬ ਕੀਤੀ ਗਈ। ਓਲਾ ਅਤੇ ਉਬਰ ਟੈਕਸੀਆਂ ਵਿੱਚ ਏ ਸੀ ਚਾਲੂ ਨਾ ਕਰਨ ਦੀਆਂ ਵੀ ਸ਼ਿਕਾਇਤਾਂ ਹਨ। ਪੈਟਰੋਲ, ਡੀਜ਼ਲ ਅਤੇ ਗੈਸ ਦਾ ਮਹਿੰਗਾ ਹੋਣਾ ਦੱਸ ਕੇ ਡਰਾਈਵਰ ਵੱਲੋਂ ਏ ਸੀ ਚਲਾਉਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਹੈ।ਇਨ੍ਹਾਂ ਕੰਪਨੀਆਂ ਦਾ ਆਪਣੀ ਕੋਈ ਹੈਲਪਲਾਈਨ ਨੰਬਰ ਨਹੀਂ, ਜਿੱਥੇ ਯਾਤਰੀ ਸ਼ਿਕਾਇਤ ਦੇ ਸਕਣ। ਇਸ ਬਾਰੇ ਮੰਤਰਾਲੇ ਨੇ ਸਪੱਸ਼ਟ ਕਰ ਦਿੱਤਾ ਕਿ ਸਾਰੀਆਂ ਕੰਪਨੀਆਂ ਦੇ ਆਪਣੇ ਹੈਲਪਲਾਈਨ ਨੰਬਰ ਹੋਣੇ ਚਾਹੀਦੇ ਹਨ। ਕੰਪਨੀਆਂ ਦਾ ਕਹਿਣਾ ਸੀ ਕਿ ਸ਼ਿਕਾਇਤ ਦਰਜ ਕਰਵਾਉਣ ਲਈ ਈ-ਮੇਲ ਜਾਂ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਪ੍ਰਿੰਸ ਚਾਰਲਸ ਵੱਲੋਂ ਮਹਾਰਾਣੀ ਐਲਿਜ਼ਾਬੈਥ ਦੀ ਥਾਂ ਪਾਰਲੀਮੈਂਟ ਨੂੰ ਸੰਬੋਧਨ



ਲੰਡਨ, 11 ਮਈ (ਪੋਸਟ ਬਿਊਰੋ)- ਕੱਲ੍ਹ ਸ਼ੁਰੂ ਹੋਏ ਬ੍ਰਿਟਿਸ਼ ਪਾਰਲੀਮੈਂਟ ਦੇ ਸੈਸ਼ਨ ਦੇ ਰਿਵਾਇਤੀ ਉਦਘਾਟਨ ਵਿੱਚ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ-2 ਚੱਲਣ ਵਿੱਚ ਦਿੱਕਤ ਆਉਣ ਕਾਰਨਮੌਜੂਦ ਨਹੀਂ ਹੋ ਸਕੀ। ਉਨ੍ਹਾਂ ਦੀ ਥਾਂ ਪ੍ਰਿੰਸ ਚਾਰਲਸ ਨੇ ਪਹਿਲੀ ਵਾਰ ਆਪਣੀ ਮਾਂ ਦਾ ਭਾਸ਼ਣ ਪੜ੍ਹਿਆ ਅਤੇ ਅਗਲੇ ਸਾਲ ਲਈ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬਕਿੰਘਮ ਪੈਲਿਸ ਅਨੁਸਾਰ 96 ਸਾਲਾ ਮਹਾਰਾਣੀ ਐਲਿਜ਼ਾਬੈਥ ਨੇ ਇਹ ਫੈਸਲਾ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਿਆ।

ਪੈਲੇਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਮਹਾਰਾਣੀ ਦੀ ਬੇਨਤੀ ਉਤੇ ਸਬੰਧਤ ਅਧਿਕਾਰੀਆਂ ਨੇ ਪ੍ਰਿੰਸ ਆਫ ਵੇਲਜ਼ ਨੂੰ ਮਹਾਰਾਣੀ ਦਾ ਭਾਸ਼ਣ ਪੜ੍ਹਨ ਦੀ ਸਹਿਮਤੀ ਦਿੱਤੀ। ਇਸ ਮੌਕੇ ਡਿਊਕ ਆਫ ਕੈਮਬ੍ਰਿਜ਼ ਪ੍ਰਿੰਸ ਵਿਲੀਅਮ ਅਤੇ ਕੈਮਿਲਾ ਪਾਰਵਕ ਵੀ ਮੌਜੂਦ ਹੋਏ। 1952 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਮਹਾਰਾਣੀ ਐਲਿਜ਼ਾਬੈਥ ਸਿਰਫ ਦੋ ਵਾਰ 1959 ਅਤੇ 1963 ਵਿੱਚ ਪਾਰਲੀਮੈਂਟ ਦੇ ਉਦਘਾਟਨੀ ਸੈਸ਼ਨ ਵਿੱਚ ਸ਼ਾਮਲ ਨਹੀਂ ਹੋ ਸਕੀ। ਉਸ ਸਮੇਂ ਉਹ ਪ੍ਰਿੰਸ ਐਂਡਰਿਊ ਅਤੇ ਪ੍ਰਿੰਸ ਐਡਵਰਡ ਦੇ ਜਨਮ ਬਾਰੇ ਗਰਭਵਤੀ ਸੀ। ਪਿਛਲੇ 59 ਸਾਲਾਂ ਵਿੱਚ ਇਹ ਪਹਿਲੀ ਵਾਰ ਅਤੇ ਪੂਰੇ ਸ਼ਾਸ਼ਨ ਦੌਰਾਨ ਤੀਜੀ ਵਾਰ ਹੈ ਜਦੋਂ ਮਹਾਰਾਣੀ ਨੇ ਪਾਰਲੀਮੈਂਟ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਨਾ ਕੀਤਾ ਹੋਵੇ।






## ਭਗਵੰਤ ਮਾਨ ਵੱਲੋਂ ਪੰਚਾਇਤੀ ਜਮੀਨਾਂ ‘ਤੇ ਨਾਜਾਇਜ ਕਬਜੇ 31 ਮਈ ਤੱਕ ਸਰਕਾਰ ਦੇ ਸੌਂਪਣ ਦੀ ਚਿਤਾਵਨੀ



ਚੰਡੀਗੜ, 11 ਮਈ (ਗਿਆਨ ਸਿੰਘ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰੀ ਜਾਂ ਪੰਚਾਇਤੀ ਜਮੀਨਾਂ ‘ਤੇ ਨਾਜਾਇਜ ਕਬਜਾ ਕਰਨ ਵਾਲੇ ਸਾਰੇ ਕਾਬਜ਼ਕਾਰਾਂ ਨੂੰ 31 ਮਈ ਤੱਕ ਜਮੀਨ ਸਰਕਾਰ ਨੂੰ ਸੌਂਪਣ ਲਈ ਸਖਤ ਚਿਤਾਵਨੀ ਦਿੱਤੀ ਹੈ।

ਇੱਕ ਟਵੀਟ ਵਿੱਚ ਭਗਵੰਤ ਮਾਨ ਨੇ ਸਿਆਸਤਦਾਨਾਂ, ਅਫਸਰਾਂ ਜਾਂ ਹੋਰ ਰਸੂਖਦਾਰਾਂ ਸਮੇਤ ਕਿਸੇ ਵੀ ਵਿਅਕਤੀ ਤੋਂ ਅਜਿਹੀਆਂ ਜਮੀਨਾਂ ਤੋਂ ਨਾਜਾਇਜ ਕਬਜ਼ਾ ਛੁਡਵਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਮੁੱਖ ਮੰਤਰੀ ਨੇ ਅੱਗੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਜਮੀਨਾਂ ਸਵੈ-ਇੱਛਾ ਨਾਲ ਸਪੁਰਦ ਨਹੀਂ ਕੀਤੀਆਂ ਜਾਂਦੀਆਂ ਹਨ ਤਾਂ ਸਰਕਾਰ ਅਜਿਹੇ ਕਸੂਰਵਾਰ ਲੋਕਾਂ ਵਿਰੁੱਧ ਨਵੇਂ ਸਿਰਿਓਂ ਐਫਆਈਆਰ ਦਰਜ ਕਰਨ ਦੇ ਨਾਲ-ਨਾਲ ਗੈਰ-ਕਾਨੂੰਨੀ ਕਬਜੇ ਵਾਲੀਆਂ ਜਮੀਨਾਂ ਦੀਆਂ ਪਿਛਲੀਆਂ ਦੇਣਦਾਰੀਆਂ ਵਸੂਲਣ ਲਈ ਮਜਬੂਰ ਹੋਵੇਗੀ।

# ਸੜਕੀ ਹਾਦਸਿਆਂ ’ਚ ਮੌਤ ਦਰ ਘਟਾਉਣ ਲਈ ਪੰਜਾਬ ’ਚ ਲੱਗਣਗੇ ਸੀਸੀਟੀਵੀ ਕੈਮਰੇ: ਲਾਲਜੀਤ ਸਿੰਘ ਭੁੱਲਰ

ਚੰਡੀਗੜ, 11 ਮਈ ((ਗਿਆਨ ਸਿੰਘ)) ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਐਲਾਨ ਕੀਤਾ ਕਿ ਸੜਕੀ ਹਾਦਸਿਆਂ ‘ਚ ਮੌਤ ਦਰ ਘਟਾਉਣ ਲਈ ਪੰਜਾਬ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ। ਉਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸੜਕੀ ਹਾਦਸਿਆਂ ਦੌਰਾਨ ਅਜਾਈਂ ਜਾ ਰਹੀ ਮੌਤਾਂ ਤੋਂ ਬਹੁਤ ਚਿੰਤਤ ਹੈ ਅਤੇ ਆਵਾਜਾਈ ਕੰਟਰੋਲ ਕਰਨ ਅਤੇ ਸੜਕ ਹਾਦਸਿਆਂ ਦੌਰਾਨ ਮੌਤ ਦਰ ਘੱਟ ਕਰਨ ਲਈ ਸੁਪਰੀਮ ਕੋਰਟ ਦੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਹੂਬਹੂ ਪਾਲਣਾ ਕਰਦਿਆਂ ਸੜਕੀ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਸੂਬੇ ਵਿੱਚ ਅਜਿਹੇ ਮਾਪਦੰਡ ਅਪਣਾਉਣਾ ਸਮੇਂ ਦੀ ਮੁੱਖ ਲੋੜ ਹੈ।



ਇਥੇ ਪੰਜਾਬ ਭਵਨ ਵਿਖੇ ਸੜਕ ਸੁਰੱਖਿਆ ਟ੍ਰੈਫਿਕ ਪ੍ਰਬੰਧਨ ਅਤੇ ਸੜਕ ਸੁਰੱਖਿਆ ਬਾਰੇ ਸਥਿਤੀ ਦਾ ਜਾਇਜਾ ਲੈਣ ਸਬੰਧੀ ਪਲੇਠੀ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਨੇ ਪ੍ਰਮੁੱਖ ਸਕੱਤਰ ਸ਼੍ਰੀ ਵਿਕਾਸ ਗਰਗ ਨੂੰ ਨਿਰਦੇਸ਼ ਦਿੱਤੇ ਕਿ ਉਹ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਸਬੰਧੀ ਪ੍ਰਾਜੈਕਟ ਦਾ ਖਰੜਾ ਤੁਰੰਤ ਤਿਆਰ ਕਰਾਉਣ।

ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਭੁੱਲਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਮੁੱਢਲੇ ਪੜਾਅ ਦੌਰਾਨ 50 ਫੀਸਦੀ ਤੱਕ ਘਟਾਉਣ ਲਈ ਸਖਤ ਕਦਮ ਚੁੱਕਣ ਜਿਵੇਂ ਕਿ ਆਟੋਮੇਟਿਡ ਡਰਾਈਵਿੰਗ ਟੈਸਟ ਸਟੇਸਨਾਂ ਰਾਹੀਂ ਡਰਾਈਵਿੰਗ ਲਾਇਸੈਂਸ ਬਣਾਉਣਾ, ਤਸਦੀਕ ਅਤੇ ਜਾਰੀ ਕਰਨਾ। ਇਸ ਤੋਂ ਇਲਾਵਾ ਸਰਕਾਰੀ ਟਰਾਂਸਪੋਰਟ ਅਤੇ ਮਾਲ ਢੋਹਣ ਵਾਲੇ ਵਾਹਨਾਂ ਦੇ ਡਰਾਈਵਰਾਂ ਨੂੰ ਹੈਵੀ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਸਖਤੀ ਨਾਲ ਜਾਂਚ ਕੀਤੀ ਜਾਵੇ ਅਤੇ ਵਾਹਨਾਂ ਦੀ ਪਾਸਿੰਗ ਪ੍ਰਣਾਲੀ ਨੂੰ ਮਜਬੂਤ ਕੀਤਾ ਜਾਵੇ ਕਿਉਂ ਜੋ ਵਾਹਨਾਂ ਦੀ ਮਾੜੀ ਹਾਲਤ ਵੀ ਹਾਦਸਿਆਂ ਦਾ ਕਾਰਨ ਬਣਦੀ ਹੈ। ਇਸੇ ਤਰਾਂ ਹੋਰ ਉਪਾਅ, ਜਿਨਾਂ ‘ਤੇ ਸਰਕਾਰ ਨੂੰ ਫੌਰੀ ਧਿਆਨ ਦੀ ਲੋੜ ਹੈ, ਵਿੱਚ ਖੰਨਾ, ਜਲੰਧਰ, ਪਠਾਨਕੋਟ, ਫਿਰੋਜਪੁਰ ਅਤੇ ਫਾਜ਼ਿਲਕਾ ਵਿੱਚ ਟਰੌਮਾ ਕੇਅਰ ਸੈਂਟਰਾਂ (ਲੈਵਲ-2) ਨੂੰ ਕਾਰਜਸ਼ੀਲ ਕਰਨ ਦੇ ਨਾਲ-ਨਾਲ ਸਾਰੇ ਜ਼ਿਲਾ ਹਸਪਤਾਲਾਂ ਅਤੇ ਸਾਰੇ ਸਰਕਾਰੀ ਕਾਲਜਾਂ ਅਤੇ ਏਮਜ ਬਠਿੰਡਾ ਵਿੱਚ ਟਰੌਮਾ ਕੇਅਰ ਸੈਂਟਰਾਂ ਦੀ ਸਹੂਲਤ ਸ਼ੁਰੂ ਕਰਨਾ ਸ਼ਾਮਲ ਹੈ।

ਪਿਛਲੇ 2-3 ਸਾਲਾਂ ਦੌਰਾਨ ਸ਼ਨਾਖਤ ਕੀਤੀਆਂ ਗਈਆਂ ਵੱਧ ਦੁਰਘਟਨਾ ਵਾਲੀਆਂ ਥਾਵਾਂ ਨੂੰ ਦਰੁਸਤ ਕਰਨ ਲਈ ਟਰਾਂਸਪੋਰਟ ਮੰਤਰੀ ਨੇ ਸੜਕੀ ਆਵਾਜਾਈ ਨਾਲ ਸਬੰਧਤ ਵਿਭਾਗਾਂ ਜਿਵੇਂ ਕਿ ਐਨ.ਐਚ.ਏ.ਆਈ, ਲੋਕ ਨਿਰਮਾਣ (ਬੀ.ਐਂਡ.ਆਰ), ਸਥਾਨਕ ਸਰਕਾਰਾਂ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਕੌਮੀ ਰਾਜ ਮਾਰਗਾਂ, ਰਾਜ ਮਾਰਗਾਂ, ਨਗਰ ਨਿਗਮ ਦੀਆਂ ਸੜਕਾਂ ਅਤੇ ਹੋਰ ਪ੍ਰਮੁੱਖ ਸੜਕਾਂ ‘ਤੇ ਪੈਂਦੀਆਂ 792 ਵੱਧ ਦੁਰਘਟਨਾ ਵਾਲੀਆਂ ਥਾਵਾਂ ਨੂੰ ਠੀਕ ਕਰਨ ਦੇ ਨਿਰਦੇਸ਼ ਦਿੱਤੇ।

ਮੰਤਰੀ ਨੇ ਸੂਬੇ ਵਿੱਚ ਟ੍ਰੈਫਿਕ ਪੁਲਿਸ ਨੂੰ ਮਜਬੂਤ ਕਰਨ ਲਈ ਅਧਿਕਾਰੀਆਂ ਨੂੰ ਕਿਹਾ ਕਿ ਉਹ ਗ੍ਰਹਿ ਵਿਭਾਗ ਨੂੰ ਟ੍ਰੈਫਿਕ ਪੁਲਿਸ ਦੀ ਨਫਰੀ ਦੁੱਗਣੀ ਕਰਨ ਅਤੇ ਪੰਜਾਬ ਪੁਲਿਸ ਦੇ ਟ੍ਰੈਫਿਕ ਵਿੰਗ ਦਾ ਪੁਨਰਗਠਨ ਕਰਨ ਲਈ ਜ਼ਿਲਾ ਟ੍ਰੈਫਿਕ ਪੁਲਿਸ ਦੇ ਕੰਮਕਾਜ ਨੂੰ ਏ.ਡੀ.ਜੀ.ਪੀ. (ਟ੍ਰੈਫਿਕ) ਅਧੀਨ ਕਰਨ ਲਈ ਬੇਨਤੀ ਕਰਨ। ਇਸ ਦੇ ਨਾਲ-ਨਾਲ ਉਨਾਂ ਇਹ ਵੀ ਕਿਹਾ ਕਿ ਟ੍ਰੈਫਿਕ ਪੁਲਿਸ ਵਿੱਚ ਕਾਂਸਟੇਬਲਾਂ ਦੀ ਸਥਾਈ ਤੈਨਾਤੀ ਕੀਤੀ ਜਾਵੇ ਤਾਂ ਜੋ ਉਨਾਂ ਨੂੰ ਆਧੁਨਿਕ ਟ੍ਰੈਫਿਕ ਕੰਟਰੋਲ ਅਤੇ ਸੜਕ ਸੁਰੱਖਿਆ ਉਪਕਰਣਾਂ ਦੀ ਸਿਖਲਾਈ ਦਿੱਤੀ ਜਾ ਸਕੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ਼੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769








## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777


## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ




# ਪੁਲਸ ਅਕੈਡਮੀ ਵਿੱਚ ਸਾਥੀਆਂ ਨੂੰ ਨਸ਼ੇ ਲਾਉਣ ਵਾਲੇ ਗ੍ਰਿਫਤਾਰ

ਫਿਲੌਰ, 11 ਮਈ (ਪੋਸਟ ਬਿਊਰੋ)- ਪੁਲਸ ਅਫਸਰ ਬਣ ਕੇ ਲੋਕਾਂ ਦੀ ਸੇਵਾ ਦਾ ਸੰਕਲਪ ਲੈਣ ਵਾਲੇ ਪੁਲਸ ਮੁਲਾਜ਼ਮ ਨੇ ਆਪਣੇ ਹੀ ਸਾਥੀ ਮੁਲਾਜ਼ਮਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਦਿੱਤਾ। ਇਸ ਜਕੜ ਵਿੱਚਫਸਿਆ ਇੱਕ ਪੁਲਸ ਵਾਲਾ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਪੁਲਸ ਨੇ ਪੀੜਤ ਦੀ ਸ਼ਿਕਾਇਤ ਉੱਤੇ ਹੌਲਦਾਰ ਤੇ ਵਾਟਰ ਕੈਰੀਅਰ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਅਕੈਡਮੀ ਵਿੱਚ ਤੈਨਾਤ ਕੁਝ ਪੁਲਸ ਮੁਲਾਜ਼ਮ ਖੁਦ ਨਸ਼ੀਲੇ ਪਦਾਰਥਾਂ ਦਾ ਨਸ਼ਾ ਕਰਦੇ ਅਤੇ ਨਾਲ ਰਹਿੰਦੇ ਪੁਲਸ



ਮੁਲਾਜ਼ਮਾਂ ਨੂੰ ਨਸ਼ਾ ਕਰਨ ਲਈ ਉਕਸਾਉਂਦੇ ਸਨ। ਨਸ਼ੇ ਦੀ ਆਦਤ ਕਾਰਨ ਉਸ ਪੁਲਸ ਮੁਲਾਜ਼ਮ ਨੇ ਕਰੀਬ 12 ਲੱਖ ਰੁਪਏ ਨਸ਼ੇ ਵਿੱਚ ਉਡਾ ਦਿੱਤੇ। ਇਹ ਸਿਲਸਿਲਾ ਇੱਥੇ ਖਤਮ ਨਹੀਂ ਹੋਇਆ।ਨਸ਼ਾ ਵੇਚਣ ਵਾਲਿਆਂ ਨੇ ਆਪਣੀ ਜ਼ਿੰਮੇਵਾਰੀ ਉੱਤੇ ਫਿਲੌਰ ਦੀ ਇੱਕ ਨਿੱਜੀ ਫਾਇਨਾਂਸ ਕੰਪਨੀ ਤੇ ਇੱਕ ਪ੍ਰਾਈਵੇਟ ਬੈਂਕ ਤੋਂ ਉਸ ਪੀੜਤ ਪੁਲਸ ਮੁਲਾਜ਼ਮ ਨੂੰ ਕਰਜ਼ਾ ਵੀ ਦਿਵਾਇਆ। ਉਨ੍ਹਾਂ ਕਈ ਵਾਰ ਪੇ ਟੀ ਐਮ ਰਾਹੀਂ ਅਤੇ ਨਕਦ ਰਾਸ਼ੀ ਦੇ ਕੇ ਨਸ਼ੇ ਦੀ ਖਰੀਦ ਕੀਤੀ ਸੀ। ਥਾਣਾ ਫਿਲੌਰ ਦੀ ਪੁਲਸ ਨੇ ਰਮਨਦੀਪ ਸਿੰਘ ਦੇ ਬਿਆਨਾਂ ਉੱਤੇ ਪੀ ਪੀ ਏ ਵਿੱਚ ਤੈਨਾਤ ਹੌਲਦਾਰ ਸ਼ਕਤੀ ਕੁਮਾਰ ਅਤੇ ਜੈ ਰਾਮ ਵਾਟਰ ਕੈਰੀਅਰ ਪੀ ਪੀ ਏ ਖਿਲਾਫ ਕੇਸ ਦਰਜ ਕਰ ਕੇ ਗ੍ਰਿਫਤਾਰ ਕੀਤਾ ਹੈ।

